Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਜੁਲਾਈ 2019 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਿਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ ਵਿਖੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾਉਂਦੇ ਹੋਏ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ...

# ''ਮੀਰੀ ਪੀਰੀ'' ਚਿੰਤਨਸ਼ੀਲ ਪੱਖ



ਸਿੱਖ ਕੌਮ ਦੇ ਅਠਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ 8 ਸਾਵਣ ਸੰਮਤ ਨਾਨਕਸ਼ਾਹੀ 188 ਸੋਮਵਾਰ ਬਿਕ੍ਰਮੀ 1713, ਸਾਵਣ ਵਦੀ 10, 7 ਜੁਲਾਈ ਸੰਨ 1656 ਈ: ਨੂੰ ਕੀਰਤਪੁਰ ਸਾਹਿਬ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ ਹੋਇਆ। ਗੁਰੂ ਸਾਹਿਬ ਜੀ ਸਭ ਤੋਂ ਛੋਟੀ ਉਮਰ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਰੱਬੀ ਖਜ਼ਾਨੇ ਦੇ ਮਾਲਕ ਬਣੇ।

ਔਰੰਗਜ਼ੇਬ ਨੇ 21 ਜੁਲਾਈ ਸੰਨ 1658 ਨੂੰ ਤਖ਼ਤ ਹਾਸਲ ਕਰ ਕੇ 'ਆਲਮਗੀਰ' ਖ਼ਿਤਾਬ ਧਾਰਨ ਕੀਤਾ। ਗੁਰੂ ਘਰ ਦੇ ਦੋਖੀਆਂ ਨੇ ਔਰੰਗਜ਼ੇਬ ਨੂੰ ਚੁੱਕਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਸ਼੍ਰੀ ਗੁਰੂ ਹਰਿਰਾਇ ਸਾਹਿਬ ਹਨ, ਉਨ੍ਹਾਂ ਨੇ ਦਾਰਾ ਸ਼ਿਕੋਹ ਨੂੰ ਰਾਜ-ਭਾਗ ਦਿਵਾਉਣ ਵਿਚ ਬੜੀ ਸਹਾਇਤਾ ਕੀਤੀ ਸੀ, ਨਾਲੇ ਦਾਰਾ ਸ਼ਿਕੋਹ ਉਨ੍ਹਾਂ ਦੀ ਦਵਾਈ ਨਾਲ ਰਾਜ਼ੀ ਹੋਇਆ ਸੀ। ਉਨ੍ਹਾਂ ਦੇ ਵੱਡਿਆਂ ਨੇ ਇਕ ਗ੍ਰੰਥ ਸਾਹਿਬ ਲਿਖਿਆ ਹੈ, ਜਿਸ ਵਿਚ ਮੁਸਲਮਾਨਾਂ ਦੇ ਮੱਤ ਦੇ ਵਿਰੁੱਧ ਲਿਖਿਆ ਹੈ ਕਿ 'ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ' ਸਾਰੇ ਮੁਸਲਮਾਨਾਂ ਨੂੰ ਮਾੜਾ ਗਿਣਿਆ ਹੈ। ਸਤਵੇਂ ਪਾਤਸ਼ਾਹ (ਗੁਰੂ ਹਰਿ ਰਾਇ ਜੀ) ਨੂੰ ਦਿੱਲੀ ਸੱਦ ਕੇ ਨਿਰਣਾ ਕਰ ਲੈਣਾ ਚਾਹੀਦਾ ਹੈ। ਕਈਆਂ ਦੇ ਪਾਸੋਂ ਸੁਣਿਆ ਹੈ ਕਿ ਉਹ ਕਰਾਮਾਤਾਂ ਵੀ ਵਿਖਾਉਂਦੇ ਹਨ। ਚੁਗਲਾਂ ਦੀਆਂ ਚਾਲਾਂ ਨੇ ਰੰਗ ਲਿਆਂਦਾ ਤੇ ਔਰੰਗਜ਼ੇਬ ਨੇ ਹਲਕਾਰੇ ਭੇਜੇ ਕਿ ਸਤਿਗੁਰੂ ਹਰਿਰਾਇ ਸਾਹਿਬ ਜੀ ਦਿੱਲੀ ਦਰਬਾਰ ਵਿਚ ਆਣ ਕੇ ਬਾਦਸ਼ਾਹ ਆਲਮਗੀਰ ਦੇ ਸਵਾਲਾਂ ਦਾ ਜਵਾਬ ਦੇਣ। ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਦਿੱਲੀ ਜਾਣ ਵਾਸਤੇ ਹੁਕਮ ਕਰ ਦਿੱਤਾ ਅਤੇ ਕਿਹਾ ਕਿ ਜੋ ਔਰੰਗਜ਼ੇਬ ਤੇ ਉਸ ਦੇ ਕਾਜ਼ੀਆਂ ਦੇ ਮਨ ਵਿਚ ਸ਼ੰਕੇ ਹੋਣਗੇ, ਉਨ੍ਹਾਂ ਸਵਾਲਾਂ ਦੇ ਜਵਾਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਨਾਲ ਦੇਣਾ, ਕਿਸੇ ਦੀ ਫੋਕੀ ਖੁਸ਼ਾਮਦ ਨਹੀਂ ਕਰਨੀ।

ਬਾਦਸ਼ਾਹ ਨੇ ਜਦੋਂ ਗੁਰਬਾਣੀ ਦੀ ਇਹ ਤੁਕ 'ਮਿਟੀ ਮੁਸਲਮਾਨ ਕੀ ਪੇੜ੍ਹ ਪਈ ਘੁਮਿਆਰ' ਤੁਕ ਵਿਚੋਂ ਅਰਥ ਕਰਨ ਨੂੰ ਕਿਹਾ ਤਾਂ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਵਾਸਤੇ ਕਹਿ ਦਿੱਤਾ, ''ਲਿਖਾਰੀ ਦੀ ਭੁੱਲ ਹੈ, 'ਮਿਟੀ ਬੇਇਮਾਨ ਕੀ' ਹੈ। ਬਾਦਸ਼ਾਹ ਸਲਾਮਤ! ਇਹ ਤੁਕ ਸਾਜ਼ਸ਼ੀ ਦਿਮਾਗ ਦੀ ਕਾਢ ਹੈ। ਜਿਨ੍ਹਾਂ ਆਪ ਦੇ ਧਰਮ ਦੀ ਨਿਖੇਧੀ ਕੀਤੀ ਹੈ, ਉਨ੍ਹਾਂ ਦਾ ਦੋਹਾਂ ਜਹਾਨਾਂ ਵਿਚ ਆਦਰ ਨਹੀਂ ਹੋਵੇਗਾ।'' ਰਾਮ ਰਾਇ ਤੋਂ ਇਹ ਸੁਣ ਕੇ ਔਰੰਗਜ਼ੇਬ ਤੇ ਕਾਜ਼ੀ ਮੁਲਾਣੇ ਖੁਸ਼ ਹੋ ਗਏ। ਬਾਦਸ਼ਾਹ ਨੇ ਰਾਮ ਰਾਇ ਨੂੰ ਖਿਲਤ ਪ੍ਰਦਾਨ ਕੀਤੀ ਤੇ ਦਰਬਾਰ ਉਠਾ ਦਿੱਤਾ। ਬਾਬਾ ਰਾਮ ਰਾਇ ਨੇ ਔਰੰਗਜ਼ੇਬ ਤੇ ਉਸ ਦੇ ਕਾਜ਼ੀਆਂ ਨੂੰ ਤਾਂ ਖੁਸ਼ ਕਰ ਦਿੱਤਾ ਪਰ ਗੁਰਸਿੱਖ ਸ਼ਰਧਾਲੂਆਂ ਨੇ ਇਹ ਸੁਣ ਕੇ ਬਹੁਤ ਬੁਰਾ ਮਨਾਇਆ ਤੇ ਇਕ ਸਿੱਖ ਨੂੰ ਕੀਰਤਪੁਰ ਵੱਲ ਤੋਰ ਕੇ ਸਾਰੀ ਕਹਾਣੀ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਪਾਸ ਜਾ ਦੱਸੀ ਕਿ ਬਾਬਾ ਰਾਮ ਰਾਇ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਖੁਸ਼ ਕਰਨ ਵਾਸਤੇ 'ਮਿਟੀ ਬੇਈਮਾਨ ਕੀ' ਸ਼ਬਦ ਕਹੇ ਹਨ ਤੇ ਇਉਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਦਾ ਨਿਰਾਦਰ ਕੀਤਾ ਹੈ। ਗੁਰੂ ਹਰਿਰਾਇ ਸਾਹਿਬ ਜੀ ਨੇ ਇਹ ਸੁਣ ਕੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਨੂੰ ਬਦਲਣ ਵਾਲੇ ਡਰਪੋਕ ਤੇ ਕਮੀਨੇ ਦੇ ਅਸੀਂ ਮੱਥੇ ਨਹੀਂ ਲੱਗਣਾ ਤੇ ਸੰਗਤਾਂ ਨੂੰ ਵੀ ਸੰਦੇਸ਼ ਭੇਜ ਦਿੱਤਾ ਕਿ ਸਿੱਖ ਸੰਗਤਾਂ ਰਾਮ ਰਾਇ ਨੂੰ ਮੂੰਹ ਨਾ ਲਾਉਣ ਸਾਰੀਆਂ ਸੰਗਤਾਂ ਨੇ ਸਾਡੇ ਬਚਨਾਂ ਦੀ ਪਾਲਣਾ ਕਰਨੀ ਹੈ। ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕਰਕੇ 6 ਕੱਤਕ ਸੰਮਤ ਨਾਨਕਸ਼ਾਹੀ 193, ਬਿਕ੍ਰਮੀ ਸੰਮਤ 1718 ਅਨੁਸਾਰ 6 ਅਕਤੂਬਰ ਸੰਨ 1661 ਈ: ਦੇ ਦਿਹਾੜੇ ਤੇ ਆਪਣੇ ਛੋਟੇ ਸਾਹਿਬਜ਼ਾਦੇ ਸ਼੍ਰੀ ਹਰਿਕ੍ਰਿਸ਼ਨ ਜੀ ਨੂੰ ਯੋਗ ਤੇ ਸਮਰੱਥ ਸਮਝ ਕੇ ਕੀਰਤਪੁਰ ਵਿਚ ਵੱਡਾ ਦਰਬਾਰ ਲਾਇਆ ਤੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਪਿੱਛੋਂ ਗੁਰੂ-ਘਰ ਵਿਚ ਚੱਲੀ ਆਉਂਦੀ ਮਰਿਆਦਾ ਅਨੁਸਾਰ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੂੰ ਸੱਦ ਕਿ ਕਿਹਾ ਕਿ ਗੁਰਤਾ ਗੱਦੀ ਦੀ ਰਸਮ ਅਦਾ ਕਰੋ। ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਤਖ਼ਤ ਸਿੰਘਾਸਨ 'ਤੇ ਬਿਠਾ ਕੇ ਪਹਿਲਾਂ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮੱਥਾ ਟੇਕਿਆ ਤੇ ਫਿਰ ਬਾਬਾ ਭਾਨਾ ਜੀ ਤੇ ਸਾਰੀ ਸੰਗਤ ਨੇ ਨਜ਼ਰਾਨੇ ਭੇਟ ਕੀਤੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਹਦਾਇਤ ਦਿੱਤੀ ਕਿ ਔਰੰਗਜ਼ੇਬ ਦੇ ਮੱਥੇ ਨਹੀਂ ਲਗਣਾ।

ਔਰੰਗਜ਼ੇਬ ਨੇ ਰਾਮ ਰਾਇ ਦੀ ਚੁੱਕ ਵਿਚ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਆਉਣ ਅਤੇ ਬਾਦਸ਼ਾਹ ਨਾਲ ਵਿਚਾਰ-

ਵਟਾਂਦਰਾ ਕਰਨ ਲਈ ਸੱਦਾ ਭੇਜਿਆ। ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਗੁਰੂ ਪਿਤਾ ਦੇ ਅੰਤਿਮ ਸੰਦੇਸ਼ ਨੂੰ ਸਮਰਪਿਤ ਹੋ ਕੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਜੋ ਗੁਰੂ ਘਰ ਦਾ ਪੱਕਾ ਸ਼ਰਧਾਲੂ ਸੀ, ਉਸਨੇ ਬੇਨਤੀ ਕੀਤੀ, ਗਰੀਬ ਨਿਵਾਜ ਸਤਿਗੁਰੂ ਜੀ, ਆਪ ਦਿੱਲੀ ਜਾ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ ਤੇ ਬਾਦਸ਼ਾਹ ਨਾਲ ਭਾਵੇਂ ਮੁਲਾਕਾਤ ਨਾ ਕਰਨੀ। ਸੰਗਤਾਂ ਆਪ ਜੀ ਦੇ ਦੀਦਾਰ ਕਰਨ ਵਾਸਤੇ ਬਹੁਤ ਉਤਾਵਲੀਆਂ ਹਨ। ਬੇਨਤੀ ਪਰਵਾਨ ਕਰੋ ਜੀ। ਸਤਿਗੁਰੂ ਜੀ ਨੇ ਪ੍ਰਵਾਨ ਕਰ ਲਿਆ।

ਸਤਿਗੁਰਾਂ ਦੇ ਹੁਕਮ ਨਾਲ ਕੀਰਤਪੁਰ ਤੋਂ ਦਿੱਲੀ ਜਾਣ ਵਾਸਤੇ ਰੱਥ ਤਿਆਰ ਕੀਤੇ ਗਏ। ਮਾਤਾ ਕਿਸ਼ਨ ਕੌਰ ਜੀ ਨਾਲ ਜਾਣ ਵਾਸਤੇ ਤਿਆਰ ਹੋ ਗਏ। ਕੁਝ ਮੁਖੀ ਮਸੰਦਾਂ ਵਿੱਚੋਂ ਭਾਈ ਸੰਤ ਰਾਮ, ਪੰਜਾਬਾ ਮਸੰਦ, ਗੁਰਬਖ਼ਸ਼ ਮਸੰਦ ਵੀ ਤਿਆਰ ਹੋ ਗਏ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਥਾਨੇਸਰ ਪਾਣੀਪਤ ਦੇ ਰਸਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕੁਰਕਸ਼ੇਤਰ ਪਹੁੰਚ ਕੇ ਡੇਰਾ ਕੀਤਾ। ਸੰਗਤਾਂ ਸਤਿਗੁਰਾਂ ਦੇ ਦਰਸ਼ਨ ਕਰਦੀਆਂ ਤੇ ਪ੍ਰੇਮ ਭੇਟਾ ਕਰਕੇ ਗੁਰੂ-ਘਰ ਦੀਆਂ ਖੁਸ਼ੀਆਂ ਦੇ ਪਾਤਰ ਬਣਦੀਆਂ । ਇਹ ਗੱਲ ਉੱਥੋਂ ਦੇ ਪੰਡਤਾਂ ਨੂੰ ਚੰਗੀ ਨਾ ਲੱਗੀ। ਪੰਜੋਖਰਾ ਸਾਹਿਬ ਵਿਖੇ ਸਤਿਗੁਰਾਂ ਦੀ ਮਹਿਮਾ ਵੇਖ ਕੇ ਲਾਲੂ (ਲਾਲ ਚੰਦ) ਨਾਮ ਦਾ ਇਕ ਵਿਦਵਾਨ ਪੰਡਿਤ ਜੋ ਸਤਿਗੁਰਾਂ ਦੀ ਵਡਿਆਈ ਵੇਖ ਕੇ ਸੜ-ਬਲ ਗਿਆ, ਨੇ ਪਤਾ ਕੀਤਾ ਕਿ ਇਸ ਡੇਰੇ ਦਾ ਮੁਖੀ ਕੌਣ ਹੈ, ਜਿਸ ਦੀ ਮਹਿਮਾਂ ਸਾਰੇ ਕਰਦੇ ਥੱਕਦੇ ਨਹੀਂ ਜਦੋਂ ਉਸ ਦੇ ਪੁੱਛਣ 'ਤੇ ਪਤਾ ਲੱਗਾ ਇਹ ਦੁਨੀਆਂ ਦੇ ਵਾਲੀ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਹਨ। ਇਹ ਸੁਣ ਕੇ ਪੰਡਿਤ ਲਾਲੂ ਕਹਿਣ ਲੱਗਾ, ਇਹ ਕਦੇ ਨਹੀਂ ਹੋ ਸਕਦਾ ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨੇ ਗੀਤਾ ਲਿਖੀ ਹੈ, ਇਹ ਹਰਿਕ੍ਰਿਸ਼ਨ ਉਸ ਗੀਤਾ ਦੇ ਅਰਥ ਨਹੀਂ ਕਰ ਸਕਦੇ। ਲਾਲੂ ਹੰਕਾਰ ਦੇ ਬਚਨ ਸੁਣ ਕੇ ਗੁਰਸਿੱਖਾਂ ਨੇ ਸਤਿਗੁਰਾਂ ਨੂੰ ਜਾ ਦੱਸੇ। ਸਤਿਗੁਰੂ ਜੀ ਕਹਿਣ ਲੱਗੇ, ਪੰਡਿਤ ਨੂੰ ਕਹੋ ਕਿ ਗੁਰੂ ਜੀ ਆਪ ਨੂੰ ਯਾਦ ਕਰਦੇ ਹਨ। ਹੰਕਾਰੀ ਪਡਿੰਤ ਮੱਥੇ 'ਤੇ ਤਿਲਕ ਲਾ ਕੇ, ਕੁਝ ਗ੍ਰੰਥ ਅਤੇ ਗੀਤਾ ਲੈ ਕੇ ਆਇਆ। ਸਤਿਗੁਰਾਂ ਨੇ ਮਿੱਠੇ ਸ਼ਬਦਾਂ ਵਿਚ ਕਿਹਾ, ਆਉ ਪੰਡਿਤ ਜੀ, ਕੀ ਫੁਰਨਾ ਹੈ ਆਪ ਦਾ? ਪੰਡਿਤ ਨੇ ਕਿਹਾ, ਗੁਰੂ ਜੀ, ਮੈਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹਾਂ। ਆਪ ਜੀ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਖਵਾਉਂਦੇ ਹੋ। ਗੀਤਾ ਸ਼੍ਰੀ ਕ੍ਰਿਸ਼ਨ ਜੀ ਨੇ ਉਚਾਰਨ ਕੀਤੀ ਹੈ। ਆਪ ਜੀ ਇਸ ਦੇ ਅਰਥ ਕਰ ਕੇ ਸਮਝਾਵੋ। ਹਜ਼ੂਰ ਨੇ ਕਿਹਾ, ਪੰਡਿਤ ਜੀ ਆਪ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰੋਏ ਮੱਤ ਨੂੰ ਪਰਖਣਾ ਚਾਹੁੰਦੇ ਹੋ? ਲਾਲੂ ਨੇ ਕਿਹਾ, ਹਾਂਜੀ। ਸਤਿਗੁਰਾਂ ਨੇ ਛੱਜੂ ਰਾਮ ਝੀਵਰ ਨੂੰ ਆਪਣੇ ਨੇੜੇ ਬਿਠਾ ਕੇ ਉਸ ਦੇ ਨਾਲ ਲਾਲੂ ਨੂੰ ਬੈਠਣ ਵਾਸਤੇ ਕਿਹਾ। ਛੱਜੂ ਰਾਮ ਨੇ ਗੀਤਾ ਦੇ ਸਲੋਕਾਂ ਦੇ ਅਰਥ ਬਿਬੇਕ ਬੁੱਧੀ ਸਹਿਤ ਇਸ ਤਰ੍ਹਾਂ ਕੀਤੇ ਕਿ ਲਾਲੂ ਦੰਗ ਰਹਿ ਗਿਆ। ਲੋਕ ਸੁਣ ਕੇ ਹੈਰਾਨ ਹੋ ਗਏ। ਪੰਡਿਤ ਲਾਲੂ ਨੇ ਸਤਿਗੁਰੂ ਸ਼੍ਰੀ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਬੇਨਤੀ ਕੀਤੀ, ਸਤਿਗੁਰੂ ਜੀ ਮੈਂ ਹੰਕਾਰ ਤੇ ਮੂਰਖਤਾ ਵੱਸ ਬਹੁਤ ਵੱਡੀ ਭੁਲ ਕਰ ਬੈਠਾ ਹਾਂ। ਮੇਰੇ ਉੱਤੇ ਕਿਰਪਾ ਕਰੋ। ਮੈਂ ਆਪ ਦੀ ਅਜ਼ਮਤ ਦੀ ਪਛਾਣ ਨਹੀਂ ਕੀਤੀ। ਸਤਿਗੁਰੂ ਜੀ ਨੇ ਮਿਹਰ ਦੇ ਘਰ ਆ ਕੇ ਲਾਲੂ ਨੂੰ ਬਖ਼ਸ਼ ਦਿੱਤਾ। ਉਹ ਗੁਰੂ-ਘਰ ਦਾ ਸ਼ਰਧਾਲੂ ਹੋ ਗਿਆ। ਪੰਜੋਖਰੇ ਦੀਆਂ ਸੰਗਤਾਂ ਨੂੰ ਨਾਮ ਦਾਨ ਦੇ ਕੇ ਦਿੱਲੀ ਵੱਲ ਤਿਆਰੀ ਕਰ ਲਈ। ਦਿੱਲੀ ਜਾ ਕੇ ਰਾਜਾ ਜੈ ਸਿੰਘ, ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਦੇ ਘਰ ਸਤਿਗੁਰਾਂ ਦੇ ਆਉਣ ਦੀ ਖੁਸ਼ੀ ਵਿਚ ਬੜੀਆਂ ਰੌਣਕਾਂ ਲੱਗੀਆਂ ਸਨ। ਜਿੱਥੇ ਗੁਰੂ ਜੀ ਠਹਿਰੇ ਸਨ, ਉੱਥੇ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ।

ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਇਹ ਛੂਤ ਦੀ ਬਿਮਾਰੀ ਸੀ। ਜਿਸ ਆਦਮੀ ਨੂੰ ਸ਼ੁਰੂ ਹੋ ਜਾਂਦੀ, ਉਸ ਨੂੰ ਬੇਅੰਤ ਭੈੜੇ ਜਿਰਮ ਪੈਦਾ ਹੋ ਕੇ ਤਾਪ ਚੜ੍ਹ ਜਾਂਦਾ। ਸਰੀਰ ਉੱਤੇ ਨਿੱਕੇ-ਨਿੱਕੇ ਫੁਹਾਰੇ ਨਿਕਲ ਆਉਂਦੇ। ਕੁਝ ਦਿਨਾਂ ਵਿਚ ਹੀ ਉਸਦੀ ਮੌਤ ਹੋ ਜਾਂਦੀ। ਦੀਨ-ਦੁਨੀਆਂ ਦੇ ਵਾਲੀ ਨੇ ਸੰਗਤਾਂ ਸਮੇਤ ਦੁਖੀਆਂ ਦੀ ਆਪ ਸੇਵਾ ਕੀਤੀ। ਸੇਵਾ ਕਰਦਿਆਂ ਇਸ ਬਿਮਾਰੀ ਨੇ ਸਤਿਗੁਰਾਂ ਉੱਤੇ ਵੀ ਹਮਲਾ ਕਰ ਦਿੱਤਾ। ਬੇਪਰਵਾਹ ਸਤਿਗੁਰੂ ਜੀ ਫਿਰ ਵੀ ਦੁਖੀਆਂ ਦੀ ਸੇਵਾ ਕਰਦੇ ਰਹੇ। ਸੰਗਤਾਂ ਵਿਚ ਘਬਰਾਹਟ ਪੈਦਾ ਹੋ ਗਈ। ਸੰਗਤਾਂ ਨੂੰ ਧੀਰਜ ਦੇ ਕੇ ਕਿਹਾ ਕਿ ਸਾਡਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਕਿਸੇ ਵੀ ਸਿੱਖ ਨੇ ਰੁਦਨ ਨਹੀਂ ਕਰਨਾ। ਭਾਣੇ ਵਿਚ ਰਹਿ ਕੇ ਪਰਮੇਸ਼ਰ ਦਾ ਸਿਮਰਨ ਕਰਨਾ। ਸਿੱਖਾਂ ਨੇ ਬੇਨਤੀ ਕੀਤੀ, ਗਰੀਬ ਨਿਵਾਜ ਸਤਿਗੁਰੂ ਜੀ! ਅੱਗੇ ਤੋਂ ਕੌਣ ਆਪ ਜੀ ਦੀ ਥਾਂ ਅਸਾਂ ਦੁਖੀਆਂ ਦੀ ਬਾਂਹ ਫੜੇਗਾ? ਸਤਿਗੁਰਾਂ ਨੇ ਹੁਕਮ ਕੀਤਾ, "ਬਾਬਾ ਬਕਾਲੇ ਹੈ, ਸਾਡੇ ਤੋਂ ਬਾਅਦ ਉਹ ਦੀਨ-ਦੁਨੀਆਂ ਦੇ ਮਾਲਕ ਹੋਣਗੇ।" ਸਤਿਗੁਰਾਂ ਦੀ ਆਵਾਜ਼ ਸ਼ਾਂਤ ਹੋ ਗਈ ਤੇ ਗੁਰਦੁਆਰਾ ਬਾਲਾ ਸਾਹਿਬ ਵਾਲੇ ਅਸਥਾਨ ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸਸਕਾਰ ਕੀਤਾ ਗਿਆ ਜੋ ਦਿੱਲੀ ਚਾਂਦਨੀ ਚੌਂਕ ਤੋਂ ਚਾਰ ਮੀਲ 'ਤੇ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ (ਰਜਿ.) ਚੰਡੀਗੜ੍ਹ।**

# ਲੁਬਾਣਾ ਸੇਵਕ


**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਭਾਦਰੋਂ) 17-08-2019 (ਸ਼ਨੀਵਾਰ)
ਪੂਰਨਮਾਸ਼ੀ - (੩੧ ਸਾਵਣ) 15-08-2019 (ਵੀਰਵਾਰ)
ਮੱਸਿਆ - (੧੨ ਅੱਸੂ) 28-09-2019 (ਸ਼ਨੀਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 89 | ਜੁਲਾਈ - 2019



1. ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ 4
2. ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ 6
3. ਗੁਰਦੁਆਰੇ–ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ 8
4. ਗੁਰੂ ਨਾਨਕ ਦੇਵ ਜੀ ਦੀ ਬਾਣੀ 9
5. ਜਿਤੁ ਪੀਤੈ ਮਤਿ ਦੂਰਿ ਹੋਇ 11
6. ਸਿੱਖ ਰਹਿਤ ਮਰਯਾਦਾ 12
7.. ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ 13
8. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 14
9. ਜਦੋਂ ਬੰਦਾ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ 17
10. ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਤੇ ਸੰਗਮਰਮਰ ਲੁਆਉਣਾ 20
11. ਮਹਾਰਾਜੇ ਦੀਆਂ ਜਿੱਤਾਂ ਦੀ ਮਹੱਤਤਾ ਅਤੇ ਲੇਖਾ–ਜੋਖਾ 21
12. ਆਓ ਜਾਣੀਏ ! 23
13. ਕਹਾਣੀ (ਪਿੱਠੂ ਗਰਮ) 25
14. ਬੇਗੋਵਾਲ ਦਾ 69ਵਾਂ ਮੇਲਾ 27
15. ਸਿਹਤ ਸੰਭਾਲ 30
16. ਕਾਵਿ–ਕਿਆਰੀ 31
17. ਦਾਨੀ ਸੱਜਣਾਂ ਦੀ ਸੂਚੀ 32
18. Let us know 38
19. Divine Souls Never Depart, They Merge with the... 40
20. Matrimonial 41



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਮੀਰੀ-ਪੀਰੀ ਦੇ ਮਾਲਕ, ਸਾਹਿਬ ਸ੍ਰੀ (ਗੁਰੂ) ਹਰਿਗੋਬਿੰਦ ਜੀ ਦਾ ਪ੍ਰਕਾਸ਼ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੇ ਉਦਰ ਤੋਂ ੧੯ ਜੂਨ, ੧੫੯੫ ਈ: ਨੂੰ ਵਡਾਲੀ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ (ਇਸ ਕਰਕੇ ਉਸ ਨਗਰ ਨੂੰ ਗੁਰੂ ਕੀ ਵਡਾਲੀ ਕਿਹਾ ਜਾਂਦਾ ਹੈ।)। ਸੰਗਤਾਂ ਨੇ ਵਾਹਿਗੁਰੂ ਦੀ ਬਖ਼ਸ਼ਿਸ਼ ਦਾ ਧੰਨਵਾਦ ਕੀਤਾ ਅਤੇ ਖੁਸ਼ੀਆਂ ਮਨਾਈਆਂ।

**ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।**
**ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।**
**ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**

**"ਪੰਜਿ ਪਿਆਲੇ" ਤੋਂ ਭਾਵ ਹੈ ਪੰਜ ਸ਼ੁਭ ਗੁਣ**: ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।



**"ਪੰਜਿ ਪੀਰ" ਦੇ ਅਰਥ ਹਨ** : ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤਕ ਹੋਏ ਪੰਜ ਸਿੱਖ ਗੁਰੂ ਸਾਹਿਬਾਨ।

"ਦਲਿਭੰਜਨ, ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ" ਭਾਵ ਗੁਰੂ ਹਰਿਗੋਬਿੰਦ ਸਾਹਿਬ ਸਿਫ਼ਤਾਂ ਤੇ ਵਿਸ਼ੇਸ਼ਤਾਵਾਂ ਦੇ ਪ੍ਰਤੀਕ ਹਨ।

"ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ" ਤੋਂ ਭਾਵ ਹੈ ਕਿ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਪਾਵਨ ਜੋਤਿ ਦੇ ਸਰੂਪ ਸਨ। ਸਰੀਰਾਂ ਵਿਚ ਹੀ ਭੇਦ ਸੀ, ਜੋਤਿ ਇਕੋ ਸੀ।

ਜਦੋਂ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਲੱਗੇ, ਉਨ੍ਹਾਂ ਨੇ ਸੰਗਤ ਵਿਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਪਿੱਛੋਂ ਗੁਰਿਆਈ ਦਾ, ਗੱਦੀ ਦਾ ਮਾਲਕ ਸਾਹਿਬਜ਼ਾਦਾ ਹਰਿਗੋਬਿੰਦ ਹੈ। ਸੋ ੨੮ ਜੇਠ ਸੰਮਤ ਨਾਨਕਸ਼ਾਹੀ ੧੩੮ (੨੫ ਮਈ ੧੬੦੬ ਈ. ਐਤਵਾਰ ਜੇਠ ਵਦੀ ੧੪ ਮਿਤੀ ੨੮ ਜੇਠ ਸੰਮਤ ੧੬੬੩ ਬਿ:) ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਗੱਦੀ 'ਤੇ ਬਿਠਾ ਕੇ ਗੁਰਿਆਈ ਦੀ ਰਸਮ ਅਦਾ ਕੀਤੀ। ਉਸ ਵੇਲੇ ਗੁਰੂ ਹਰਿਗੋਬਿੰਦ ਜੀ ਦੀ ਉਮਰ ੧੦ ਸਾਲ, ੧੦ ਮਹੀਨੇ ਦੇ ਕਰੀਬ ਸੀ।


**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**




ਗੁਰਿਆਈ ਦੀ ਗੱਦੀ 'ਤੇ ਬੈਠਣ ਲੱਗਿਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਇਕ ਸੱਜੇ ਪਾਸੇ ਪਹਿਨੀ ਤੇ ਦੂਜੀ ਖੱਬੇ ਪਾਸੇ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ ਜਿਨ੍ਹਾਂ ਵਿਚ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁਲਾ ਨੇ ਇਸ ਤਰ੍ਹਾਂ ਕੀਤਾ ਹੈ:

**ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।**
**ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।**

ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-ਬਲ ਤੇ ਰਾਜ-ਬਲ ਇਕੱਠੇ ਕੰਮ ਕਰਨਗੇ। ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇੱਕ ਹੋਣਗੇ ਪਰ ਇੱਕ ਸ਼ਕਤੀ ਦੂਸਰੇ ਦੇ ਅਧੀਨ ਨਹੀਂ ਹੋਵੇਗੀ ਸਗੋਂ ਦੋਵੇਂ ਆਪਣੀ-ਆਪਣੀ ਥਾਂ ਸੰਭਾਲਦੀਆਂ ਮਿਲ ਕੇ ਚੱਲਣਗੀਆਂ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਸਾਰ ਨੂੰ ਨਵਾਂ ਸਿਧਾਂਤ ਦਿੱਤਾ ਕਿ ਧਰਮ ਤੇ ਰਾਜਨੀਤੀ ਮਿਲ ਕੇ ਚੱਲਣ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਨੂੰ ਪਾਤਸ਼ਾਹੀ ਤਖ਼ਤ ਦਾ ਰੂਪ ਦੇ ਦਿੱਤਾ। ਆਪ ਪੰਜ ਸ਼ਸਤਰ ਪਹਿਨ ਕੇ ਸੀਸ ਉੱਪਰ ਕਲਗੀ ਸਜਾ ਕੇ ਗੁਰ-ਗੱਦੀ ਉੱਪਰ ਬੈਠਦੇ। ਜੋ ਸਿੱਖ ਸ਼ਸਤਰ ਜਾਂ ਘੋੜਾ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਇਸ ਤੋਂ ਬਾਅਦ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ

ਸਾਹਿਬ ਦੋਹਾਂ ਦਾ ਆਪਣਾ-ਆਪਣਾ ਮਹੱਤਵ ਹੈ। ਹਰਿਮੰਦਰ ਸਾਹਿਬ ਸਿੱਖੀ ਦਾ ਧਾਰਮਿਕ ਚਿੰਨ੍ਹ ਹੈ ਤਾਂ ਅਕਾਲ ਤਖ਼ਤ ਸਾਹਿਬ ਰਾਜਨੀਤੀ ਦਾ ਪ੍ਰਤੱਖ ਪ੍ਰਮਾਣ। ਇਸ ਤਰ੍ਹਾਂ ਸਿੱਖ ਧਰਮ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਹੀ ਰਾਜ-ਸ਼ਕਤੀ ਦਾ ਪ੍ਰਤੀਕ, ਜੁਗੋ-ਜੁਗ ਅਟੱਲ, ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਨੂੰ ਬਖ਼ਸ਼ ਦਿੱਤਾ। ਅਕਾਲ ਤਖ਼ਤ ਸਾਹਿਬ ਦੇ ਕੇਸਰੀ ਨਿਸ਼ਾਨ ਸਾਹਿਬ, ਜਿਵੇਂ ਸੁਚੇਤ ਪਹਿਰੇਦਾਰ ਖੜੋਤੇ ਹੋਣ।

ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬਿਧੀ ਚੰਦ ਵਰਗੇ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ।

ਦਿੱਲੀ ਵਿਖੇ ਇਕ ਘਾਹੀ ਸਾਰੀ ਦਿਹਾੜੀ ਦੀ ਕਮਾਈ ਇਕ ਟਕਾ ਅਤੇ ਗੁਰੂ ਦੇ ਘੋੜਿਆਂ ਲਈ ਘਾਹ ਦੀ ਪੰਡ ਲਿਆਇਆ। ਦੋ ਕੈਂਪ ਲੱਗੇ ਦੇਖ ਕੇ ਭੁਲੇਖੇ ਨਾਲ ਜਹਾਂਗੀਰ ਦੇ ਕੈਂਪ ਚਲਾ ਗਿਆ। ਚੋਬਦਾਰ ਨੇ ਰੋਕਿਆ ਪਰ ਮੁਸਾਹਿਬਾਂ ਨੇ ਕੋਈ ਫ਼ਰਿਆਦੀ ਸਮਝ ਅੰਦਰ ਜਾਣ ਦਿੱਤਾ। ਘਾਹੀ ਨੇ ਜਾਂਦਿਆਂ ਟਕਾ ਅੱਗੇ ਰੱਖਿਆ ਤੇ ਘਾਹ ਦੀ ਪੰਡ ਸਵੀਕਾਰ ਕਰਨ ਲਈ ਕਿਹਾ ਤੇ ਫਿਰ ਅਰਜ਼ੋਈ ਕੀਤੀ ਕਿ ਇਥੇ ਉਥੇ ਸਹਾਇਤਾ ਕਰਨੀ। ਜਹਾਂਗੀਰ ਨੇ ਜਾਗੀਰ ਲਿਖਾਉਣ ਦੀ ਗੱਲ ਕਹੀ ਤਾਂ ਘਾਹੀ ਨੂੰ ਮਹਿਸੂਸ ਹੋਇਆ ਕਿ ਉਹ ਤਾਂ ਗ਼ਲਤ ਜਗ੍ਹਾ 'ਤੇ ਆ ਗਿਆ ਹੈ। ਟਕਾ ਉਠਾ ਕੇ ਘਾਹ ਦੀ ਪੰਡ ਚੁੱਕ ਕੇ ਨਾਲ ਦੇ ਕੈਂਪ ਵਿਚ ਆਇਆ ਤੇ ਸ਼ਰਧਾ ਨਾਲ ਗੁਰੂ-ਚਰਨਾਂ ਨੂੰ ਪਕੜ ਕੇ ਰੋ-ਰੋ ਕੇ ਖ਼ਿਮਾ ਮੰਗਣ ਲੱਗਾ ਕਿ ਸੱਚੇ ਪਾਤਸ਼ਾਹ! ਗ਼ਲਤ ਦਰ 'ਤੇ ਚਲਾ ਗਿਆ ਸੀ। ਜਹਾਂਗੀਰ ਉੱਤੇ ਇਸ ਘਟਨਾ ਦਾ ਡੂੰਘਾ ਅਸਰ ਪਿਆ।

ਪੰਜਾਬ ਦੇ ਲੋਕਾਂ ਵਿਚ ਗੁਰੂ ਸਾਹਿਬ ਦਾ ਅਸਰ ਵਧਦਾ ਮਹਿਸੂਸ ਕਰਦਿਆਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਨਜ਼ਰਬੰਦੀ ਦੌਰਾਨ ਮਹਾਰਾਜ ਨੂੰ ਜੋ ਰਕਮ ਮਿਲਦੀ ਉਹ ਹੋਰ ਕੈਦੀਆਂ (ਜਿਨ੍ਹਾਂ ਵਿਚ ਕਈ ਰਾਜੇ ਵੀ ਸਨ, ਜੋ ਨਰਕ ਵਾਲਾ ਜੀਵਨ ਬਤੀਤ ਕਰ ਰਹੇ ਸਨ) 'ਤੇ ਖਰਚ ਕਰ ਦਿੰਦੇ ਸਨ। ਗੁਰਦੇਵ ਦੇ ਜਾਣ ਨਾਲ ਸਾਰਾ ਵਾਤਾਵਰਨ ਹੀ ਬਦਲ ਗਿਆ। ਸਾਈਂ ਮੀਆਂ ਮੀਰ ਜੀ ਜੋ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਖਲੀਫ਼ਾ 'ਉਮਰ' ਦੀ ਅੰਸ ਵਿੱਚੋਂ ਸਨ, ਮੁਸਲਮਾਨਾਂ ਵਿਚ ਉਨ੍ਹਾਂ ਦਾ ਬਹੁਤ ਅਸਰ-ਰਸੂਖ ਸੀ। ਉਨ੍ਹਾਂ ਦਾ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦੀ ਤੋਂ ਰਿਹਾਅ ਕਰਵਾਉਣ ਵਿਚ ਵੱਡਾ ਹੱਥ ਸੀ। ਜਦ ਵਜ਼ੀਰ ਖਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਸਾਹਿਬ ਨੇ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਗੁਰੂ ਸਾਹਿਬ ਦੀ ਜ਼ਮਾਨਤ ਉੱਪਰ ਸਭ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ।

ਸੋ ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਖੁੱਲ੍ਹਾ ਚੋਗਾ ਬਣਵਾਇਆ ਤੇ ਉਸ ਦੀ ਇਕ-ਇਕ ਕਲੀ ਉਨ੍ਹਾਂ ਬਵੰਜਾ ਰਾਜਿਆਂ ਦੇ ਹੱਥ ਫੜਾ ਕੇ ਸਭ ਨੂੰ ਲੈ ਕੇ ਹੀ ਕਿਲ੍ਹੇ ਤੋਂ ਬਾਹਰ ਆਏ। ਇਸ ਉਪਕਾਰ ਦਾ ਸਦਕਾ ਲੋਕ ਗੁਰੂ ਮਹਾਰਾਜ ਨੂੰ ਬੰਦੀਛੋੜ ਕਹਿਣ ਲੱਗ ਪਏ।

ਬਾਦਸ਼ਾਹ ਨੇ ਚੰਦੂ ਨੂੰ ਮੁਜ਼ਰਮ ਦੀ ਹੈਸੀਅਤ ਵਿਚ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਲਾਹੌਰ ਪਹੁੰਚੇ। ਸਿੱਖਾਂ ਦੇ ਦਿਲਾਂ ਵਿਚ ਚੰਦੂ ਵਿਰੁੱਧ ਬਹੁਤ ਗੁੱਸਾ ਸੀ। ਸੋ ਸਿੱਖਾਂ ਨੇ ਚੰਦੂ ਨੂੰ ਬੁਰੀ ਹਾਲਤ 'ਚ ਸਾਰੇ ਸ਼ਹਿਰ ਵਿਚ ਫੇਰਿਆ। ਜਦੋਂ ਚੰਦੂ ਉਸ ਭਠਿਆਰੇ ਸਾਹਮਣੇ ਗਿਆ, ਜਿਸ ਨੂੰ ਕਦੇ ਚੰਦੂ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸੀਸ ਵਿਚ ਸੜਦੀ ਰੇਤ ਪਾਉਣ ਵਾਸਤੇ ਮਜਬੂਰ ਕੀਤਾ ਸੀ ਤਾਂ ਭਠਿਆਰਾ ਆਪਣੇ ਕ੍ਰੋਧ 'ਤੇ ਕਾਬੂ ਨਾ ਪਾ ਸਕਿਆ। ਉਸ ਨੇ ਉਹੀ ਕੜਛਾ (ਜਿਸ ਨਾਲ ਗੁਰੂ ਸਾਹਿਬ 'ਤੇ ਰੇਤ ਪਾਈ ਸੀ) ਚੰਦੂ ਦੇ ਸਿਰ ਉੱਤੇ ਇੰਨੇ ਜ਼ੋਰ ਨਾਲ ਮਾਰਿਆ ਕਿ ਚੰਦੂ ਦੀ ਮੌਤ ਹੋ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ੧੬੬੩ ਤੋਂ ੧੬੬੫ ਬਿ., ਕਿਲ੍ਹਾ ਲੋਹਗੜ੍ਹ, ਲਾਹੌਰ ਵਿਚ ਪੰਜਵੇਂ ਗੁਰੂ ਜੀ ਦਾ ਸ਼ਹੀਦੀ ਅਸਥਾਨ ਡੇਹਰਾ ਸਾਹਿਬ ੧੬੭੦ ਵਿਚ, ਹਰਿਗੋਬਿੰਦਪੁਰਾ ੧੯ ਅੱਸੂ ੧੬੭੭ ਵਿਚ ਅਤੇ ਕੀਰਤਪੁਰ ੧੬੮੩ ਵਿਚ ਪਹਾੜੀਆਂ ਦੇ ਨੇੜੇ ਵਸਾਇਆ।

ਗੁਜਰਾਤ ਵਿਚ ਪੀਰ ਸ਼ਾਹ ਦੌਲਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਲਾਕਾਤ ਹੋਈ। ਗੁਰੂ ਸਾਹਿਬ ਦਾ ਠਾਠ ਦੇਖ ਕੇ ਉਸ ਨੇ ਚਾਰ ਸਵਾਲ ਕੀਤੇ:

**ਔਰਤ ਕੀ ਤੇ ਫ਼ਕੀਰੀ ਕੀ? ਹਿੰਦੂ ਕੀ ਤੇ ਪੀਰੀ ਕੀ?**
**ਪੁੱਤਰ ਕੀ ਤੇ ਵੈਰਾਗ ਕੀ? ਦੌਲਤ ਕੀ ਤੇ ਤਿਆਗ ਕੀ?**

ਗੁਰੂ ਸਾਹਿਬ ਨੇ ਉੱਤਰ ਦਿੱਤਾ:

**ਔਰਤ ਈਮਾਨ ਹੈ। ਪੁੱਤਰ ਨਿਸ਼ਾਨ ਹੈ।**
**ਦੌਲਤ ਗੁਜ਼ਰਾਨ ਹੈ। ਫ਼ਕੀਰ ਨਾ ਹਿੰਦੂ ਨਾ ਮੁਸਲਮਾਨ ਹੈ।**

ਕਾਬਲ ਤੇ ਪਿਸ਼ਾਵਰ ਦੀ ਸੰਗਤ ਦੇ ਨਾਲ ਇਲਾਕੇ ਦੇ ਮਸੰਦ ਭਾਈ ਤਾਰਾ ਚੰਦ ਤੇ ਬਖਤ ਮੱਲ ਗੁਰੂ ਮਹਾਰਾਜ ਵਾਸਤੇ ਦੋ ਸੁੰਦਰ ਘੋੜੇ ਲਿਆ ਰਹੇ ਸਨ ਤਾਂ ਉਥੋਂ ਦੇ ਹਾਕਮ ਨੇ ਜ਼ਬਰਦਸਤੀ ਘੋੜੇ ਖੋਹ ਕੇ ਅਸਤਬਲ ਵਿਚ ਦਾਖਲ ਕਰ ਲਏ। ਗੁਰੂ ਸਾਹਿਬ ਕੋਲ ਫ਼ਰਿਆਦ ਪਹੁੰਚੀ ਤਾਂ ਉਨ੍ਹਾਂ ਬਿਧੀ ਚੰਦ ਨੂੰ ਭੇਜਿਆ। ਉਹ ਘੋੜੇ ਲੈ ਆਇਆ ਤਾਂ ਉਨ੍ਹਾਂ ਮਗਰ ਵੀਹ ਹਜ਼ਾਰ ਫੌਜ ਚੜ੍ਹਾ ਭੇਜੀ। ਸੰਨ ੧੬੮੮ ਵਿਚ ਹੋਈ ਜੰਗ ਵਿਚ ਸਾਰੇ ਹੀ ਨਾਮਵਰ ਜਰਨੈਲ ਜੰਗ ਦੀ ਭੇਟਾ ਹੋ ਗਏ। ਬਾਕੀ ਸੈਨਿਕ ਪ੍ਰਾਣ ਬਚਾ ਕੇ ਲਾਹੌਰ ਮੁੜ ਗਏ। ਯੁੱਧ ਦੀ ਯਾਦ ਵਿਚ ਮਹਾਰਾਜ ਨੇ ਸਰੋਵਰ ਬਣਵਾਇਆ ਜਿਸ ਦਾ ਨਾਮ ਗੁਰੂ ਸਰ ਰੱਖਿਆ। ਕਰਤਾਰਪੁਰ ਵਿਚ ਪੈਂਦੇ ਖਾਂ ਗੁਰੂ ਜੀ ਦੀ ਤਲਵਾਰ ਦੀ ਭੇਟਾ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲ ਫ਼ੌਜਾਂ ਨਾਲ ਚਾਰ ਜੰਗ ਲੜੇ ਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।


ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ੬ ਚੇਤ ਸੰਮਤ ਨਾਨਕਸ਼ਾਹੀ ੧੭੬ ਐਤਵਾਰ ਚੇਤ ਸੁਦੀ ੫, ਮਿਤੀ ੬ ਚੇਤ ੧੭੦੧ ਬਿ. (੩ ਮਾਰਚ ੧੬੪੪) ਨੂੰ ਗੁਰਿਆਈ ਆਪਣੇ ਪੋਤਰੇ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ (ਗੁਰੂ) ਹਰਿ ਰਾਇ ਸਾਹਿਬ ਜੀ ਨੂੰ ਸੌਂਪ ਕੇ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

ਆਮ ਤੌਰ 'ਤੇ ਯੋਧੇ ਤੇ ਬੀਰ ਬਹਾਦਰ ਪਰਉਪਕਾਰੀ ਨਹੀਂ ਹੁੰਦੇ ਪਰ ਛਟਮ ਪੀਰ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਗੁਰੂ ਹਰਿਗੋਬਿੰਦ ਸਾਹਿਬ ਐਸੀ ਸ਼ਖ਼ਸੀਅਤ ਸਨ ਜਿਨ੍ਹਾਂ ਉਸ ਬਿਖੜੇ ਸਮੇਂ ਕੌਮ ਨੂੰ ਸਾਹਸ ਦੇ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਕੀਤਾ ਜਦਕਿ ਵਿਰੋਧੀਆਂ ਦਾ ਦਾਈਆ ਸੀ ਕਿ ਇਸ ਕੌਮ ਦੀ ਹਸਤੀ ਮਿਟ ਜਾਏਗੀ। ਪਰ ਕੌਮ ਸਗੋਂ ਹੋਰ ਸ਼ਕਤੀਸ਼ਾਲੀ ਹੋ ਗਈ।


ਗੱਲ ਕੀ, ਗੁਰੂ ਹਰਿਗੋਬਿੰਦ ਸਾਹਿਬ ਯੋਧੇ, ਨਿਮਰਤਾ ਤੇ ਧੀਰਜ ਦੇ ਸਿਖਰ, ਪਰਉਪਕਾਰ ਦੀ ਸਾਕਾਰ ਮੂਰਤ ਸਨ।

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ



ਗੁਰਦੁਆਰਾ ਭਾਈ ਤਾਰੂ ਸਿੰਘ ਜੀ ਲਾਹੌਰ
ਸ਼ਹੀਦੀ ਵਿਰਸੇ ਦੀ ਇਕ ਦਾਸਤਾਨ



ਪ੍ਰਕਾਸ਼ ਅਸਥਾਨ ਗੁਰਦੁਆਰਾ ਸ਼ਹੀਦ ਗੰਜ
ਸਿੰਘਣੀਆਂ, ਲਾਹੌਰ

## ਸ਼ਹੀਦ ਗੰਜ ਭਾਈ ਤਾਰੂ ਸਿੰਘ

ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਅਸਥਾਨ ਨੌਂ ਲੱਖੇ ਬਜ਼ਾਰ ਵਿਚ ਹੈ। ਭਾਈ ਸਾਹਿਬ ਦਸਾਂ ਨਹੁੰਆਂ ਦੀ ਕਿਰਤ-ਕਮਾਈ ਨਾਲ ਆਪਣੀ ਵਿਧਵਾ ਮਾਤਾ ਅਤੇ ਭੈਣ, ਦੋਹਾਂ ਦੀ ਪਾਲਣਾ ਕਰਦੇ ਅਤੇ ਆਏ ਗੁਰਸਿੱਖਾਂ, ਲੋੜਵੰਦਾਂ ਤੇ ਪੰਥ-ਦਰਦੀਆਂ ਦੀ ਸੇਵਾ ਕਰਦੇ। ਆਪ ਦੀ ਸੇਵਾ ਸਮੇਂ ਦੇ ਹਾਕਮਾਂ ਨੂੰ ਹਮੇਸ਼ਾ ਰੜਕਦੀ ਸੀ। ਇਸ ਜੁਰਮ ਅਧੀਨ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ, ਕਈ ਤਰ੍ਹਾਂ ਦੇ ਲਾਲਚ, ਡਰਾਵੇ ਤੇ ਤਸੀਹੇ ਦਿੱਤੇ ਗਏ ਪਰ ਆਪ ਜੀ ਅਡੋਲ ਰਹੇ। ਕਾਜ਼ੀਆਂ ਨੇ ਫ਼ਤਵਾ ਦਿੱਤਾ ਕਿ ਇਹਨਾਂ ਦੀ ਖੋਪਰੀ ਉਤਾਰ ਦਿੱਤੀ ਜਾਵੇ। ਜਲਾਦ ਨੇ ਇਸ ਅਸਥਾਨ 'ਤੇ ਰੰਬੀਆਂ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦਿੱਤੀ ਪਰ ਭਾਈ ਸਾਹਿਬ ਸਵਾਸ-ਗਰਾਸ ਪ੍ਰਭੂ-ਸਿਮਰਨ ਕਰਦੇ ਰਹੇ। 13 ਅੱਸੂ 1802 ਬਿਕ੍ਰਮੀ (1745 ਈ.) ਨੂੰ ਭਾਈ ਤਾਰੂ ਸਿੰਘ ਜੀ ਨੇ ਆਪਣੇ ਕੀਤੇ ਵਾਅਦੇ ਅਨੁਸਾਰ ਸੂਬੇਦਾਰ ਖ਼ਾਨ ਬਹਾਦਰ ਨੂੰ ਆਪਣੇ ਪੈਰ ਦੀ ਜੁੱਤੀ ਅੱਗੇ ਲਗਾ, ਅਕਾਲ ਪੁਰਖ ਵਾਹਿਗੁਰੂ ਜੀ ਦੀ ਚਰਨਾਂ ਵਿਚ ਜਾ ਬਿਰਾਜੇ।

ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੇ ਸ਼ਹੀਦੀ ਅਸਥਾਨ 'ਤੇ ਸ਼ਹੀਦ ਗੰਜ ਬਣਾਇਆ। ਸਿੱਖ ਰਾਜ ਸਮੇਂ ਇਸ ਅਸਥਾਨ ਦੇ ਨਾਂ ਕਾਫ਼ੀ ਜ਼ਮੀਨ-ਜਾਇਦਾਦ ਲਗਾਈ ਗਈ ਸੀ ਜੋ ਪਿੱਛੋਂ ਪੁਜਾਰੀ ਮਹੰਤਾਂ ਨੇ ਖੁਰਦ-ਬੁਰਦ ਕਰ ਦਿੱਤੀ। ਜਦ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਇਆ ਤਾਂ ਇਸ ਦੀ ਸੇਵਾ-ਸੰਭਾਲ ਭਾਈ ਅੱਛਰ ਸਿੰਘ ਜੀ ਨੂੰ ਸੌਂਪੀ ਗਈ, ਜੋ ਪਿਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਬਣੇ। ਉਹਨਾਂ ਦੇ ਵਿਅਕਤੀਗਤ ਗੁਣਾਂ ਕਰਕੇ ਰੌਣਕਾਂ ਬਹੁਤ ਵੱਧ ਗਈਆਂ, ਪ੍ਰੰਤੂ ਦੇਸ਼-ਵੰਡ ਸਮੇਂ ਇਹ ਪਾਵਨ ਅਸਥਾਨ ਵੀ ਸਾਨੂੰ ਛੱਡਣਾ ਪਿਆ। ਸ਼ਹੀਦ ਗੰਜ ਹੁਣ ਵੀ ਕਾਇਮ ਹੈ। ਸੇਵਾ-ਸੰਭਾਲ ਦਾ ਪ੍ਰਬੰਧ ਵਕਫ਼ ਬੋਰਡ ਕਰਦਾ ਹੈ।

## ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ

ਇਹ ਇਤਿਹਾਸਕ ਅਸਥਾਨ ਸ਼ਹੀਦ ਗੰਜ, ਗੁਰਦੁਆਰਾ ਭਾਈ ਤਾਰੂ ਸਿੰਘ ਜੀ ਦੇ ਬਿਲਕੁਲ ਸਾਹਮਣੇ ਹੈ। ਇਤਿਹਾਸਕਾਰਾਂ ਦੀ ਰਾਇ ਹੈ ਕਿ ਇਸ ਅਸਥਾਨ 'ਤੇ ਲਗਭਗ ਢਾਈ ਲੱਖ ਨੌਜੁਆਨਾਂ, ਬਜ਼ੁਰਗਾਂ, ਬੱਚੇ-ਬੱਚੀਆਂ ਤੇ ਬੀਬੀਆਂ ਨੂੰ ਸ਼ਹੀਦ ਕੀਤਾ ਗਿਆ। ਬੀਬੀਆਂ ਦਾ ਸ਼ਹੀਦੀ ਸਾਕਾ ਸਭ ਤੋਂ ਪਿੱਛੋਂ ਹੋਣ ਕਰਕੇ, ਇਸ ਜਗ੍ਹਾ ਦਾ ਨਾਂ 'ਸ਼ਹੀਦ ਗੰਜ ਸਿੰਘਣੀਆਂ' ਜਗਤ ਪ੍ਰਸਿੱਧ ਹੋਇਆ। ਮਾਰਚ 1764 ਈ. ਵਿਚ ਮੀਰ ਮਨੂੰ ਪੰਜਾਬ ਦਾ ਸੂਬੇਦਾਰ



**ਥੜ੍ਹਾ ਸ਼ਹੀਦ ਗੰਜ ਸਿੰਘਣੀਆਂ (ਲਾਹੌਰ)**
**ਇਕ ਇਤਿਹਾਸਕ ਯਾਦਗਾਰ**



**ਮੀਰ ਮੰਨੂੰ ਦੀ ਜੇਲ੍ਹ (ਲਾਹੌਰ), ਜਿਸ ਵਿਚ ਬਹਾਦਰ**
**ਸਿੰਘਣੀਆਂ ਨੂੰ ਬੰਦੀ ਬਣਾਇਆ ਗਿਆ**

ਬਣਿਆ ਤਾਂ ਉਸ ਨੇ ਸੁਗੰਧ ਖਾਧੀ ਸੀ ਕਿ ਮੈਂ ਸਿੱਖਾਂ ਨੂੰ ਖਤਮ ਕਰਕੇ ਆਰਾਮ ਕਰਾਂਗਾ। ਸੂਬੇਦਾਰ ਦੇ ਆਦੇਸ਼ ਅਨੁਸਾਰ ਸਿੱਖਾਂ ਨੂੰ ਗ੍ਰਿਫ਼ਤਾਰ ਕਰ, ਇਸ ਅਸਥਾਨ 'ਤੇ ਲਿਆ ਕੇ ਸ਼ਹੀਦ ਕੀਤਾ ਜਾਂਦਾ। ਇਥੇ ਹੀ ਉਹ ਭੋਰਾ ਹੈ, ਜਿਥੇ ਧਰਮੀ ਸਿੰਘਣੀਆਂ ਨੂੰ ਕੈਦ ਕਰਕੇ ਚੱਕੀਆਂ ਪੀਸਣ ਦੀ ਸਜ਼ਾ ਦਿੱਤੀ ਜਾਂਦੀ। ਕੈਦੀ ਸਿੰਘਣੀਆਂ ਦੇ ਬੱਚਿਆਂ ਦੇ ਟੁਕੜੇ-ਟੁਕੜੇ ਕਰਕੇ ਉਨ੍ਹਾਂ ਦੇ ਹਾਰ ਬਣਾ, ਧਰਮੀ ਮਾਵਾਂ ਦ ਗਲਾਂ ਵਿਚ ਪਾਏ ਜਾਂਦੇ। ਜਦ ਦੀਵਾਨ ਕੌੜਾ ਮੱਲ ਦੇ ਕਹਿਣ 'ਤੇ ਸਿੱਖਾਂ ਨੇ ਮੁਲਤਾਨ ਵਿਚ ਮੀਰ ਮਨੂੰ ਦੀ ਮੱਦਦ ਕੀਤੀ ਤਾਂ ਸਿੱਖਾਂ ਨੂੰ ਇਹ ਅਸਥਾਨ ਪ੍ਰਾਪਤ ਹੋਇਆ। ਸਿੱਖਾਂ ਨੇ ਇਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ, ਗੁਰਦੁਆਰਾ ਬਣਾਇਆ। ਜਦ ਭੰਗੀ ਮਿਸਲ ਦੇ ਸਰਦਾਰਾਂ ਦਾ ਲਾਹੌਰ 'ਤੇ ਕਬਜ਼ਾ ਹੋਇਆ ਤਾਂ ਇਸ ਅਸਥਾਨ ਦੀ ਮਹਾਨਤਾ-ਮਹੱਤਤਾ ਹੋਰ ਵੀ ਵੱਧ ਗਈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਹਫ਼ਤੇ ਵਿਚ ਦੋ-ਤਿੰਨ ਵਾਰ ਇਸ ਅਸਥਾਨ ਦੇ ਦਰਸ਼ਨਾਂ ਨੂੰ ਆਉਂਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਅਸਥਾਨ ਦੇ ਨਾਂ ਕਾਫ਼ੀ ਜਾਗੀਰ ਵੀ ਲਾਈ ਪਰ ਪ੍ਰਬੰਧ ਮਹੰਤਾਂ ਪਾਸ ਹੀ ਰਿਹਾ। 1 ਦਸੰਬਰ, 1934 ਈ. ਨੂੰ ਇਸ ਪਾਵਨ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਕੇਮਟੀ ਪਾਸ ਆ ਗਿਆ। ਦੇਸ਼ ਵੰਡ ਸਮੇਂ ਇਹ ਅਸਥਾਨ ਵੀ ਸਾਨੂੰ ਛੱਡਣਾ ਪਿਆ। ਹੁਣ ਇਸ ਅਸਥਾਨ ਦਾ ਪ੍ਰਬੰਧ ਵਕਫ਼ ਬੋਰਡ ਪਾਸ ਹੈ। ਇਮਾਰਤ ਸੁਰੱਖਿਅਤ ਹੈ, ਪਰ ਪ੍ਰਕਾਸ਼ ਦਾ ਪ੍ਰਬੰਧ ਨਹੀਂ।

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਪ੍ਰੋ. ਸਾਹਿਬ ਸਿੰਘ

ਪਦ ਅਰਥ : ੧ਓ-ਉੱਚਾਰਨ ਵੇਲੇ ਇਸ ਦੇ ਤਿੰਨ ਹਿੱਸੇ ਕੀਤੇ ਜਾਂਦੇ ਹਨ :

੧, ਓ ਅਤੇ ; ਇਸ ਦਾ ਪਾਠ ਹੈ 'ਇਕ ਓਅੰਕਾਰ'।

ਤਿੰਨ ਹਿੱਸੇ ਵੱਖੋ-ਵੱਖਰੇ ਉੱਚਾਰਿਆਂ ਇਉਂ ਬਣਦੇ ਹਨ :

੧—ਇਕ। ਓ-ਓਅੰ। —ਕਾਰ।

'ਓਂ' ਸੰਸਕ੍ਰਿਤ ਦਾ ਸ਼ਬਦ ਹੈ। ਅਮਰ ਕੋਸ਼ ਅਨੁਸਾਰ ਇਸ ਦੇ ਤਿੰਨ ਅਰਥ ਹਨ :

(੧) ਵੇਦ ਆਦਿ ਧਰਮ-ਪੁਸਤਕਾਂ ਦੇ ਅਰੰਭ ਅਤੇ ਅਖ਼ੀਰ ਵਿਚ, ਅਰਦਾਸ ਜਾਂ ਕਿਸੇ ਪਵਿੱਤਰ ਧਰਮ-ਕਾਰਜ ਦੇ ਅਰੰਭ ਵਿਚ ਅੱਖਰ 'ਓਂ' ਪਵਿੱਤਰ ਅੱਖਰ ਜਾਣ ਕੇ ਵਰਤਿਆ ਜਾਂਦਾ ਹੈ।

(੨) ਕਿਸੇ ਹੁਕਮ ਜਾਂ ਪ੍ਰਸ਼ਨ ਆਦਿਕ ਦੇ ਉੱਤਰ ਵਿਚ ਆਦਰ ਅਤੇ ਸਤਿਕਾਰ ਨਾਲ 'ਜੀ ਹਾਂ' ਆਖਣਾ। ਸੋ 'ਓਂ' ਦਾ ਅਰਥ ਹੈ : 'ਜੀ ਹਾਂ'।

(੩) ਓਂ—ਬ੍ਰਹਮ।

ਇਹਨਾਂ ਵਿਚੋਂ ਕਿਹੜਾ ਅਰਥ ਇਸ ਸ਼ਬਦ ਦਾ ਇਥੇ ਲਿਆ ਜਾਣਾ ਹੈ—ਇਸ ਨੂੰ ਦ੍ਰਿੜ੍ਹ ਕਨ ਲਈ ਸ਼ਬਦ 'ਓਂ' ਦੇ ਪਹਿਲਾਂ '੧' ਲਿਖ ਦਿੱਤਾ ਹੈ। ਇਸ ਦਾ ਭਾਵ ਇਹ ਹੈ ਕਿ ਇਥੇ 'ਓਂ' ਦਾ ਅਰਥ ਹੈ, "ਉਹ ਹਸਤੀ ਜੋ ਇਕ ਹੈ, ਜਿਸ ਵਰਗਾ ਹੋਰ ਕੋਈ ਨਹੀਂ ਹੈ ਅਤੇ ਜਿਸ ਵਿਚ ਇਹ ਸਾਰਾ ਜਗਤ ਸਮਾ ਜਾਂਦਾ ਹੈ।"

ਤੀਜਾ ਹਿੱਸਾ ਹੈ, ਜਿਸ ਦਾ ਉੱਚਾਰਨ ਹੈ 'ਕਾਰ'। 'ਕਾਰ' ਸੰਸਕ੍ਰਿਤ ਦਾ ਇਕ ਪਿਛੇਤਰ ਹੈ। ਆਮ ਤੌਰ 'ਤੇ ਇਹ ਪਿਛੇਤਰ 'ਨਾਂਵ' ਦੇ ਅਖ਼ੀਰ ਵਿਚ ਵਰਤਿਆ ਜਾਂਦਾ ਹੈ। ਇਸ ਦਾ ਅਰਥ ਹੈ "ਇਕ-ਰਸ, ਜਿਸ ਵਿਚ ਤਬਦੀਲੀ ਨਾ ਆਵੇ।"

ਇਸ 'ਪਿਛੇਤਰ' ਦੇ ਲਾਣ ਨਾਲ 'ਨਾਂਵ' ਦੇ ਲਿੰਗ ਵਿਚ ਕੋਈ ਫ਼ਰਕ ਨਹੀਂ ਪੈਂਦਾ, ਭਾਵ ਜੇ 'ਨਾਂਵ' ਪਹਿਲਾਂ ਪੁਲਿੰਗ ਹੈ ਤਾਂ ਇਸ 'ਪਿਛੇਤਰ' ਦੇ ਲਗਾਇਆ ਭੀ ਪੁਲਿੰਗ ਹੀ ਰਹਿੰਦਾ ਹੈ। ਜੇ ਪਹਿਲਾਂ ਇਸਤ੍ਰੀ-ਲਿੰਗ ਹੋਵੇ ਤਾਂ ਇਸ ਪਿਛੇਤਰ ਦੇ ਸਮੇਤ ਭੀ ਇਸਤ੍ਰੀ-ਲਿੰਗ ਹੀ ਰਹਿੰਦਾ ਹੈ, ਜਿਵੇਂ :

ਪੁਲਿੰਗ :

**'ਨੰਨਾਕਾਰੁ' ਨ ਕੋਇ ਕਰੇਈ॥**

**ਰਾਖੈ ਆਪਿ ਵਡਿਆਈ ਦੇਈ॥੨॥੨॥**

**(ਗਉੜੀ ਮ: ੧, ਪੰਨਾ ੨੨੧)**

**ਕੀਮਤਿ ਸੋ ਪਾਵੈ ਆਪਿ ਜਾਣਾਵੈ,**

**ਆਪਿ ਅਭੁਲੁ ਨ ਭੁਲਏ॥**

**'ਜੈ ਜੈ ਕਾਰੁ' ਕਰਹਿ ਤੁਧੁ ਭਾਵਹਿ,**

**ਗੁਰ ਕੈ ਸਬਦਿ ਅਮੁਲਏ॥੯॥੨॥੫॥**

**(ਸੂਹੀ ਮ: ੧, ਪੰਨਾ ੭੬੭)**

**ਸਹਜੇ 'ਰੁਣ ਝੁਣਕਾਰੁ' ਸੁਹਾਇਆ॥**

**ਤਾ ਕੈ ਘਰਿ ਪਾਰਬ੍ਰਹਮੁ ਸਮਾਇਆ॥੭॥੩॥**

**(ਗਉੜੀ ਮ: ੫, ਪੰਨਾ ੨੩੭)**

ਇਸਤ੍ਰੀ-ਲਿੰਗ :

**ਦਇਆ ਧਾਰੀ ਤਿਨਿ ਧਾਰਣਹਾਰ॥**

**ਬੰਧਨ ਤੇ ਹੋਈ 'ਛੁਟਕਾਰ'॥੭॥੪॥**

**(ਰਾਮਕਲੀ ਮ: ੫, ਪੰਨਾ ੯੧੫)**

**ਮੇਘ ਸਮੈ ਮੋਰ 'ਨਿਰਤਿਕਾਰ'॥**

**ਚੰਦ ਦੇਖਿ ਬਿਗਸਹਿ ਕਉਲਾਰ॥੨॥੨॥**

**(ਬਸੰਤ ਮ: ੫, ਪੰਨਾ ੧੧੮੦)**

**ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ,**

**ਕਿੰਕਨੀ ਸਬਦ 'ਝਨਤਕਾਰ' ਖੇਲੁ ਪਾਹਿ ਜੀਉ॥੧॥੬॥**

**(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨)**

ਇਸ ਪਿਛੇਤਰ ਦੇ ਲੱਗਣ ਨਾਲ ਇਹਨਾਂ ਸ਼ਬਦਾਂ ਦੇ ਅਰਥ ਇਉਂ ਕਰਨੇ ਹਨ :

ਨੰਨਾਕਾਰੁ—ਇਕ-ਰਸ ਇਨਕਾਰ, ਸਦਾ ਲਈ ਇਨਕਾਰ।

ਜੈਕਾਰੁ—ਲਗਾਤਾਰ ਜੈ ਜੈ ਦੀ ਗੂੰਜ।

ਨਿਰਤਿਕਾਰ—ਇਕ-ਰਸ ਨਾਚ।

ਝਨਤਕਾਰ—ਇਕ-ਰਸ ਸੋਹਣੀ ਅਵਾਜ਼।

ਪਿਛੇਤਰ 'ਕਾਰ' ਦੇ ਲਾਣ ਤੋਂ ਬਿਨਾ ਅਤੇ ਲਗਾਣ ਨਾਲ, ਦੋਹਾਂ ਤਰ੍ਹਾਂ ਦੇ ਸ਼ਬਦਾਂ ਦੇ ਅਰਥਾਂ ਵਿਚ ਫ਼ਰਕ ਹੇਠ-ਲਿਖੇ ਪ੍ਰਮਾਣ ਤੋਂ ਸਪੱਸ਼ਟ ਹੋ ਜਾਂਦਾ ਹੈ:

**ਘਰ ਮਹਿ ਘਰੁ ਦਿਖਾਇ ਦੇਇ, ਸੋ ਸਤਿਗੁਰੁ ਪੁਰਖੁ ਸੁਜਾਣੁ॥**

**ਪੰਚ ਸਬਦ ਧੁਨਿਕਾਰ ਧੁਨਿ, ਤਹ ਬਾਜੈ ਸਬਦੁ ਨੀਸਾਣੁ॥੧॥੨੭॥**

**(ਪੰਨਾ ੧੨੯੦)**

ਧੁਨਿ—ਅਵਾਜ਼। ਧੁਨਿਕਾਰ-ਲਗਾਤਾਰ ਨਾਦ, ਅਤੁੱਟ ਅਵਾਜ਼। ਇਸੇ ਤਰ੍ਹਾਂ:

**ਮਨੁ ਭੂਲੈ ਸਿਰਿ ਆਵੈ ਭਾਰੁ ॥**

**ਮਨੁ ਮਾਨੈ ਹਰਿ ਏਕੰਕਾਰੁ ॥੨॥੩॥**

(**ਗਉੜੀ ਮ: ੧, ਪੰਨਾ ੨੨੨**)

ਏਕੰਕਾਰੁ—ਏਕ ਓਅੰਕਾਰ, ਉਹ ਇਕ ਓਅੰ ਜੋ ਇਕ-ਰਸ ਹੈ, ਜੋ ਹਰ ਥਾਂ ਵਿਆਪਕ ਹੈ।

ਸੋ '੧ਓ' ਦਾ ਉੱਚਾਰਨ ਹੈ "ਇਕ (ਏਕ) ਓਅੰਕਾਰ" ਅਤੇ ਇਸ ਦਾ ਅਰਥ ਹੈ "ਇਕ ਅਕਾਲ ਪੁਰਖ ਜੋ ਇਕ-ਰਸ ਵਿਆਪਕ ਹੈ"।

**ਸਤਿ ਨਾਮੁ**—ਜਿਸ ਦਾ ਨਾਮ 'ਸਤਿ' ਹੈ। ਲਫ਼ਜ਼ 'ਸਤਿ' ਦਾ ਸੰਸਕ੍ਰਿਤ ਸਰੂਪ 'ਸਤਜ' ਹੈ। ਇਸ ਦਾ ਅਰਥ ਹੈ 'ਹੋਂਦ ਵਾਲਾ'। ਇਸ ਦਾ ਧਾਤੂ 'ਅਸ' ਹੈ, ਜਿਸ ਦਾ ਅਰਥ ਹੈ 'ਹੋਣਾ'। ਸੋ 'ਸਤਿਨਾਮੁ' ਦਾ ਅਰਥ ਹੈ "ਉਹ ਇਕ ਓਅੰਕਾਰ, ਜਿਸ ਦਾ ਨਾਮ ਹੈ ਹੋਂਦ ਵਾਲਾ।"

**ਪੁਰਖੁ**—ਸੰਸਕ੍ਰਿਤ ਵਿਚ ਵਿਉਤਪੱਤੀ ਅਨੁਸਾਰ ਇਸ ਲਫ਼ਜ਼ ਦਾ ਅਰਥ ਇਉਂ ਕੀਤਾ ਗਿਆ ਹੈ, "ਪੁਰਿ ਸ਼ੇਤੇ ਇਤਿ ਪੁਰਸ਼ਹ", ਭਾਵ "ਜੋ ਸਰੀਰ ਵਿਚ ਲੇਟਿਆ ਹੋਇਆ ਹੈ।" ਸੰਸਕ੍ਰਿਤ ਵਿਚ ਆਮ ਪਰਚਲਤ ਅਰਥ ਹੈ "ਮਨੁੱਖ"। ਭਗਵਤ ਗੀਤਾ ਵਿਚ 'ਪੁਰਖੁ' 'ਆਤਮਾ' ਅਰਥ ਵਿਚ ਵਰਤਿਆ ਗਿਆ ਹੈ, 'ਰਘੁਵੰਸ਼' ਵਿਚ ਇਹ ਸ਼ਬਦ 'ਬ੍ਰਹਮਾਂਡ ਦਾ ਆਤਮਾ' ਦੇ ਅਰਥਾਂ ਵਿਚ ਆਇਆ ਹੈ, ਇਸੇ ਤਰ੍ਹਾਂ ਪੁਸਤਕ ਸ਼ਿਸ਼ੂਪਾਲ ਵਧ ਵਿਚ ਭੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਪੁਰਖੁ' ਦਾ ਅਰਥ ਹੈ, "ਉਹ ਓਅੰਕਾਰ ਜੋ ਸਾਰੇ ਜਗਤ ਵਿਚ ਵਿਆਪਕ ਹੈ, ਉਹ ਆਤਮਾ ਜੋ ਸਾਰੀ ਸ੍ਰਿਸ਼ਟੀ ਵਿਚ ਰਮ ਰਿਹਾ ਹੈ।" 'ਮਨੁੱਖ' ਅਤੇ 'ਆਤਮਾ' ਅਰਥ ਵਿਚ ਭੀ ਇਹ ਸ਼ਬਦ ਕਈ ਥਾਈਂ ਆਇਆ ਹੈ।

**ਅਕਾਲ ਮੂਰਤਿ**—ਸ਼ਬਦ 'ਮੂਰਤਿ' ਇਸਤ੍ਰੀ—ਲਿੰਗ ਹੈ, 'ਅਕਾਲ' ਇਸ ਦਾ ਵਿਸ਼ੇਸ਼ਣ ਹੈ, ਇਹ ਭੀ ਇਸਤ੍ਰੀ-ਲਿੰਗ ਰੂਪ ਵਿਚ ਲਿਖਿਆ ਗਿਆ ਹੈ। ਜੇ ਸ਼ਬਦ 'ਅਕਾਲ' ਇਕੱਲਾ ਹੀ 'ਪੁਰਖ', 'ਨਿਰਭਉ', 'ਨਿਰਵੈਰ' ਵਾਂਗ ੧ਓ ਦਾ ਗੁਣਵਾਚਕ ਹੁੰਦਾ ਤਾਂ ਪੁਲਿੰਗ ਰੂਪ ਵਿਚ ਹੁੰਦਾ; ਤਾਂ ਇਸ ਦੇ ਅੰਤ ਵਿਚ ( ੁ ) ਹੁੰਦਾ।

**ਨੋਟ** : ਸ਼ਬਦ 'ਮੂਰਤਿ' ਤੇ 'ਮੂਰਤੁ' ਦਾ ਭੇਦ ਜਾਨਣਾ ਜ਼ਰੂਰੀ ਹੈ। 'ਮੂਰਤਿ' ਸਦਾ ( ਿ ) ਨਾਲ ਲਿਖੀਦਾ ਹੈ ਅਤੇ ਇਸਤ੍ਰੀ-ਲਿੰਗ ਹੈ। ਇਸ ਦਾ ਅਰਥ ਹੈ "ਸਰੂਪ"। ਸੰਸਕ੍ਰਿਤ ਦਾ ਸ਼ਬਦ ਹੈ।

ਲਫ਼ਜ਼ 'ਮੂਰਤੁ' ਸੰਸਕ੍ਰਿਤ ਦਾ ਲਫ਼ਜ਼ 'ਮੁਹੂਰਤ' ਹੈ। 'ਚਸਾ', 'ਮੁਹੂਰਤ' ਆਦਿਕ ਸ਼ਬਦ ਸਮੇਂ ਦੀ ਵੰਡ ਵਿਚ ਵਰਤੀਂਦੇ ਹਨ। ਇਹ ਸ਼ਬਦ ਪੁਲਿੰਗ ਹਨ।

**ਅਜੂਨੀ**—ਜੂਨਾਂ ਤੋਂ ਰਹਿਤ, ਜੋ ਜਨਮ ਵਿਚ ਨਹੀਂ ਆਉਂਦਾ।

**ਸੈਭੰ**—ਸ੍ਵਯੰਭੂ (ਸ੍ਵ-ਸ੍ਵਯੰ। ਭੰ—ਭੂ) ਆਪਣੇ ਆਪ ਤੋਂ ਹੋਣ ਵਾਲਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।

**ਗੁਰ ਪ੍ਰਸਾਦਿ**—ਗੁਰੂ ਦੇ ਪ੍ਰਸਾਦ ਨਾਲ, ਗੁਰੂ ਦੀ ਕਿਰਪਾ ਨਾਲ, ਭਾਵ, ਉਪਰੋਕਤ '੧ਓ' ਗੁਰੂ ਦੀ ਕਿਰਪਾ ਨਾਲ (ਮਿਲਦਾ ਹੈ)।

**ਅਰਥ** : ਅਕਾਲ ਪੁਰਖ ਇਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**ਨੋਟ** : ਇਹ ਉਪਰੋਕਤ ਗੁਰਸਿੱਖੀ ਦਾ ਮੂਲ-ਮੰਤਰ ਹੈ। ਇਸ ਤੋਂ ਅਗਾਂਹ ਲਿਖੀ ਗਈ ਬਾਣੀ ਦਾ ਨਾਮ ਹੈ 'ਜਪੁ'। ਇਹ ਗੱਲ ਚੇਤੇਰੱਖਣ ਵਾਲੀ ਹੈ ਕਿ ਇਹ ਮੂਲ-ਮੰਤਰ ਵੱਖਰੀ ਚੀਜ਼ ਹੈ ਤੇ ਬਾਣੀ 'ਜਪੁ' ਵੱਖਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਇਹ ਮੂਲ-ਮੰਤਰ ਲਿਖਿਆ ਹੈ, ਜਿਵੇਂ ਕਿ ਹਰੇਕ ਰਾਗ ਦੇ ਸ਼ੁਰੂ ਵਿਚ ਭੀ ਲਿਖਿਆ ਮਿਲਦਾ ਹੈ। ਬਾਣੀ 'ਜਪੁ' ਲਫ਼ਜ਼ 'ਆਦਿ ਸਚੁ' ਤੋਂ ਸ਼ੁਰੂ ਹੁੰਦੀ ਹੈ। ਆਸਾ ਦੀ ਵਾਰ ਦੇ ਸ਼ੁਰੂ ਵਿਚ ਭੀ ਇਹ ਮੂਲ-ਮੰਤਰ ਹੈ, ਪਰ 'ਵਾਰ' ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ, ਤਿਵੇਂ ਹੀ ਇਥੇ ਹੈ। 'ਜਪੁ' ਦੇ ਅਰੰਭ ਵਿਚ ਮੰਗਲਾਚਰਨ ਦੇ ਤੌਰ 'ਤੇ ਇਕ ਸਲੋਕ ਉਚਾਰਿਆ ਗਿਆ ਹੈ। ਫਿਰ 'ਜਪੁ' ਸਾਹਿਬ ਦੀਆਂ ੩੮ ਪਉੜੀਆਂ ਹਨ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਗਿਆਨ ਸਾਗਰ ਦੇ ਸੁੱਚੇ ਮੋਤੀ

ਗਿਆਨੀ ਚੇਤ ਸਿੰਘ

**ਆਪ ਜੀ ਦਾ ਛੂਤ-ਛਾਤ ਦੇ ਖਿਲਾਫ਼ ਅਮਲੀ ਕਦਮ** - ਪਿੱਛੇ ਨਜ਼ਰ ਮਾਰ ਕੇ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਹਿੰਦੁਸਤਾਨ ਵਿਚ ਅਖੌਤੀ ਅਛੂਤਾਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਹੁੰਦਾ ਰਿਹਾ ਹੈ। ਇਨ੍ਹਾਂ ਨੂੰ ਖੂਹਾਂ 'ਤੇ ਪਾਣੀ ਲੈਣ ਨਹੀਂ ਸੀ ਚੜ੍ਹਨ ਦਿੱਤਾ ਜਾਂਦਾ। ਕਿਸੇ ਮੰਦਰ ਵਿਚ ਚਲੇ ਜਾਣ ਤਾਂ ਇਨ੍ਹਾਂ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਜਾਂਦਾ ਸੀ। ਇਥੋਂ ਤੱਕ ਕਿ ਸਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਇਨ੍ਹਾਂ ਅਖੌਤੀ ਅਛੂਤਾਂ ਦੀ ਕੜਾਹ ਪ੍ਰਸ਼ਾਦ ਦੀ ਅਰਦਾਸ ਤੱਕ ਭੀ ਨਹੀਂ ਸੀ ਕੀਤੀ ਜਾਂਦੀ। ਭਾਵੇਂ ਇਨ੍ਹਾਂ ਨੂੰ ਉੱਚੇ ਚੁੱਕਣ ਲਈ ਸਰਕਾਰ ਨੇ ਕਈ ਕਾਨੂੰਨ ਭੀ ਬਣਾਏ, ਇਨ੍ਹਾਂ ਨੂੰ ਕਈ ਸਹੂਲਤਾਂ ਭੀ ਦਿੱਤੀਆਂ, ਨੌਕਰੀਆਂ ਵਿਚ ਭੀ ਕਈ ਰਿਆਇਤਾਂ ਇਨ੍ਹਾਂ ਨੂੰ ਦੇ ਕੇ ਉੱਚੇ ਚੁੱਕਣ ਦਾ ਯਤਨ ਕੀਤਾ। ਇਨ੍ਹਾਂ ਦੀ ਤਰੱਕੀ ਭੀ ਹੋਈ, ਕਈ ਚੰਗੀਆਂ ਪੋਸਟਾਂ ਤੇ ਇਹ ਸੁਸ਼ੋਭਤ ਹਨ, ਪਰ ਹਿੰਦੁਸਤਾਨ ਦੇ ਬਹੁਤੇ ਪ੍ਰਾਂਤਾਂ ਵਿਚ ਇਨ੍ਹਾਂ ਗਰੀਬ ਹਰੀਜਨਾਂ ਨਾਲ ਵਰਤਾਉ ਅਜੇ ਭੀ ਉਸੇ ਤਰ੍ਹਾਂ ਨਫ਼ਰਤ ਭਰਿਆ ਹੀ ਕੀਤਾ ਜਾਂਦਾ ਹੈ, ਜਿਸ ਤਰ੍ਹਾਂ ਕਿ ਪਹਿਲੇ ਗੁਲਾਮ ਹਿੰਦੁਸਤਾਨ ਵੇਲੇ ਕੀਤਾ ਜਾਂਦਾ ਸੀ। ਰਾਜਨੀਤਿਕ ਲੋਕ ਇਨ੍ਹਾਂ ਨੂੰ ਲੋੜ ਵੇਲੇ ਵਰਤ ਲੈਂਦੇ ਹਨ ਅਤੇ ਵੋਟਾਂ ਆਦਿ ਲੈ ਕੇ ਇਨ੍ਹਾਂ ਪਾਸੋਂ ਆਪਣਾ ਕੰਮ ਕੱਢ ਲੈਂਦੇ ਹਨ। ਜਦੋਂ ਇਨ੍ਹਾਂ ਦਾ ਕੰਮ ਨਿਕਲ ਗਿਆ, ਪਿਛੋਂ ਇਨ੍ਹਾਂ ਦੀ ਕੋਈ ਬਾਤ ਤੱਕ ਨਹੀਂ ਪੁੱਛਦਾ।

ਸੰਤ ਬਾਬਾ ਪ੍ਰੇਮ ਸਿੰਘ ਜੀ ਨਿਰਮਲ ਸੰਪ੍ਰਦਾ ਦੇ ਨਾਲ ਸੰਬੰਧ ਰੱਖਦੇ ਸਨ। ਆਪ ਭੀ ਸਾਧੂ ਬਿਰਤੀ ਵਾਲੇ ਸਨ। ਨਿਰਮਲੇ ਸੰਤ ਛੂਤ-ਛਾਤ ਬਹੁਤ ਮੰਨਦੇ ਸਨ। ਆਪਣੀਆਂ ਪੰਗਤਾਂ ਵਿਚ ਲੰਗਰ ਛਕਣ ਵੇਲੇ ਉਹ ਹਰੀਜਨਾਂ ਨੂੰ ਨਹੀਂ ਸੀ ਬੈਠਨ ਦਿੰਦੇ। ਸੰਤ ਬਾਬਾ ਪ੍ਰੇਮ ਸਿੰਘ ਜੀ ਛੂਤ-ਛਾਤ ਦੇ ਬਰ-ਖਿਲਾਫ਼ ਸਨ। ਉਹ "ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ" ਤੇ ਪੂਰਾ ਵਿਸ਼ਵਾਸ ਰੱਖਦੇ ਸਨ ਅਤੇ ਬੜੀ ਦਲੇਰੀ ਨਾਲ ਆਪਣੇ ਲੰਗਰ ਵਿਚ ਇਨ੍ਹਾਂ ਨੂੰ ਪ੍ਰਸ਼ਾਦ ਛਕਾਉਂਦੇ ਸਨ। ਭਾਵੇਂ ਕਈ ਸਾਧਾਂ ਸੰਤਾਂ ਨੂੰ ਇਨ੍ਹਾਂ ਦੀ ਆਪਣੇ ਲੰਗਰ ਵਿਚ ਅਛੂਤਾਂ ਨੂੰ ਪ੍ਰਸ਼ਾਦ ਛਕਾਉਣ ਦੀ ਗੱਲ ਚੰਗੀ ਨਹੀਂ ਸੀ ਲੱਗਦੀ ਪਰ ਉਹ ਕਿਸੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਇਨ੍ਹਾਂ ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਬਿਨਾਂ ਵਿਤਕਰੇ ਤੋਂ ਆਪਣੇ ਨਾਲ ਅਭੇਦ ਕਰਕੇ ਖੁਸ਼ੀ ਪ੍ਰਗਟ ਕਰਦੇ ਸਨ। ਜਿਥੇ ਭੀ ਜਾਂਦੇ ਗੁਰਦੁਆਰਿਆਂ ਵਿਚ ਇਨ੍ਹਾਂ ਨੂੰ ਆਉਣ ਦੀ ਖੁੱਲ੍ਹ ਦਿੰਦੇ ਅਤੇ ਸਾਰੀ ਸੰਗਤ ਦੇ ਨਾਲ ਹੀ ਇਨ੍ਹਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦੇ ਸਨ। ਕੁੱਝ ਕੁ ਅਜਿਹੀਆਂ ਮਿਸਾਲਾਂ ਹਨ, ਜੋ ਉਨ੍ਹਾਂ ਨੇ ਅਖੌਤੀ ਛੂਤਾਂ ਨੂੰ ਅਭੇਦ ਕਰਕੇ ਬੜਾ ਮਾਰ੍ਕੇ ਦਾ ਕੰਮ ਕਰ ਵਿਖਾਇਆ। ਹੇਠ ਲਿਖੀਆਂ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਉਹ ਕਿਤਨੇ ਅਗਾਂਹ-ਵਧੂ ਖਿਆਲਾਂ ਦੇ ਸਨ।

**ਪਲਟਨ ਨੰਬਰ 23 ਨੂੰ ਲੰਗਰ** - ਤਹਿਸੀਲ ਖਾਰੀਆਂ ਦੇ ਨੇੜੇ ਪਲਟਨ ਨੰਬਰ 23 ਮਨੂਵਰ ਕਰਨ ਆਈ ਹੋਈ ਸੀ। ਇਸ ਪਲਟਨ ਵਿਚ ਕੁਝ ਕੰਪਨੀਆਂ ਲੁਬਾਣਿਆਂ ਦੀਆਂ ਸਨ, ਕੁਝ ਰਵਿਦਾਸੀਆਂ ਅਤੇ ਕੁਝ ਮਜ਼ਬੀ ਸਿੰਘਾਂ ਦੀਆਂ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਦਾਸ ਨੂੰ ਕਿਹਾ ਕਿ ਪਲਟਨ 23 ਇਥੇ ਮਨੂਵਰ ਕਰਨ ਲਈ ਆਈ ਹੈ, ਪਲਟਨ ਦੀ ਰੋਟੀ ਕਰ ਦਈਏ। ਅੰਗਰੇਜ਼ੀ ਸਰਕਾਰ ਵੇਲੇ ਪਲਟਨ ਦੀ ਰੋਟੀ ਕਰਨ ਵਾਲੇ ਦੀ ਇਕ ਬਹੁਤ ਵੱਡੀ ਸ਼ਖਸ਼ੀਅਤ ਸਮਝੀ ਜਾਂਦੀ ਸੀ। ਮਹਾਂਪੁਰਖਾਂ ਦੇ ਹੁਕਮ ਨਾਲ ਪਲਟਨ ਵਿਚ ਇਕ ਸੂਬੇਦਾਰ ਗੰਗਾ ਸਿੰਘ ਨਿਰੰਜਨੀ, ਤਹਿਸੀਲ ਸ਼ਾਹਦਰਾ ਦੇ ਲੁਬਾਣੇ ਸਿੰਘ ਸਨ, ਦਾਸ ਉਨ੍ਹਾਂ ਨੂੰ ਮਿਲਿਆ ਤੇ ਮਹਾਂਪੁਰਖਾਂ ਦੀ ਫੌਜ ਦੀ ਰੋਟੀ ਕਰਨ ਬਾਰੇ ਗੱਲ ਦੱਸੀ। ਸੂਬੇਦਾਰ ਗੰਗਾ ਸਿੰਘ ਜੀ ਸੁਣ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਆਪਣੇ ਕਰਨਲ ਨਾਲ ਗੱਲ ਕੀਤੀ। ਕਰਨਲ ਅੰਗਰੇਜ਼ ਸੀ। ਉਹ ਭੀ ਸੁਣ ਕੇ ਬੜਾ ਖੁਸ਼ ਹੋਇਆ। ਕਰਨਲ ਨੇ ਕਿਹਾ ਕਿ ਪਲਟਨ ਸਵੇਰੇ ਖਾਣਾ ਖਾਏਗੀ ਤੇ ਮੈਂ ਸ਼ਾਮ ਨੂੰ ਆ ਕੇ ਚਾਹ ਪੀਵਾਂਗਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਜਾ ਕੇ ਦੱਸਿਆ। ਉਹ ਕਹਿਣ ਲੱਗੇ-ਠੀਕ ਹੈ। ਆਪ ਜੀ ਨੇ ਸੂਬੇਦਾਰ ਮੇਜਰ ਬਿੰਦਾ ਸਿੰਘ ਜੀ ਬਜ਼ੁਰਗਵਾਲ ਵਾਲੇ ਤੇ ਕੁੱਝ ਟਾਂਡੇ ਤੋਂ ਸਰਦਾਰਾਂ ਨੂੰ ਬੁਲਾ ਲਿਆ। ਨਿਯਤ ਤਾਰੀਖ ਨੂੰ ਬੜੀ ਧੂਮ-ਧਾਮ ਨਾਲ ਪੂਰੀ ਪਲਟਨ ਆਈ। ਗੁਰਦੁਆਰੇ ਦੇ ਅੰਦਰ ਦੀਵਾਨ ਲੱਗ ਗਿਆ। ਫੌਜੀ ਕੀਰਤਨ ਆਪ ਹੀ ਕਰਨ ਲੱਗ ਪਏ। ਇਕ-ਇਕ ਕੰਪਨੀ ਨੂੰ ਕੜਾਹ ਪ੍ਰਸ਼ਾਦ, ਖੀਰ, ਤੰਦੂਰ ਦੇ ਬੜੇ ਸੋਹਣੇ ਚੋਪੜੇ ਪ੍ਰਸ਼ਾਦੇ, ਸਬਜ਼ੀ ਅਤੇ ਦਾਲ ਆਦਿ ਦਾ ਲੰਗਰ ਵਾਰੋ ਵਾਰੀ ਛਕਾਇਆ, ਬਿਨਾਂ ਕਿਸੇ ਵਿਤਕਰੇ ਦੇ। ਲੁਬਾਣਾ ਬਰਾਦਰੀ ਦੇ ਸਰਦਾਰਾ ਨੇ ਕਿਹਾ ਕਿ ਮਹਾਰਾਜ! ਸਾਡੇ ਤਾਂ ਬਾਹਰ ਲੰਗਰ ਮਜ਼ਬੀਆਂ ਤੇ ਰਮਦਾਸੀਆ ਦਾ ਵੱਖਰਾ ਹੁੰਦਾ ਹੈ ਤੇ ਲੁਬਾਣੇ ਸਿੰਘਾਂ ਦਾ ਵੱਖਰਾ ਹੁੰਦਾ ਹੈ। ਮਹਾਂਪੁਰਖ ਕਹਿਣ ਲੱਗੇ ਗੁਰਮੁਖੋ! ਅਸੀਂ ਤਾਂ ਕੋਈ ਭਿੰਨ-ਭੇਦ ਨਹੀਂ ਰੱਖਦੇ। ਉਹ ਪ੍ਰਮਾਤਮਾ ਸਭ ਨੂੰ ਇਕੋ ਜਿਹੇ ਭੇਜਦਾ ਹੈ। ਅਸੀਂ ਉਸ ਮਾਲਕ ਦੀ ਅੰਸ਼ ਨੂੰ ਇਕੋ ਜਿਹਾ ਸਮਝਦੇ ਹਾਂ। ਸਾਡੀ ਨਜ਼ਰ ਵਿਚ ਮਜ਼ਬੀ, ਰਮਦਾਸੀਏ, ਲੁਬਾਣੇ ਸਭ ਇਕ ਹਨ। ਸਭ ਸੁਣ ਕੇ ਚੁੱਪ ਹੋ ਗਏ। ਇਸ ਦਾ ਇਕ ਅਸਰ ਇਹ ਹੋਇਆ ਕਿ ਬਾਹਰ ਫਿਰ ਇਸ ਪਲਟਨ ਵਿਚ ਇਕੋ ਹੀ ਲੰਗਰ ਹੋ ਗਿਆ। ਸ਼ਾਮ ਨੂੰ ਆਪਣੇ ਅਮਲੇ ਨਾਲ ਕਰਨਲ ਆਇਆ। ਉਸ ਨੂੰ ਬੜੀ ਸ਼ਾਨਦਾਰ ਚਾਹ ਪਿਲਾਈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਇਕ ਹੋਰ ਉਦਾਹਰਣ —

**ਮਿੰਟਗੁਮਰੀ ਦੇ ਚੱਕ 243 ਵਿਚ ਛੂਤ-ਛਾਤ ਦੇ ਖਿਲਾਫ਼ ਪ੍ਰਚਾਰ** - ਚੱਕ ਨੰਬਰ 243 ਜ਼ਿਲ੍ਹਾ ਮਿੰਟਗੁਮਰੀ ਵਿਚ ਇਕ ਸੂਬੇਦਾਰ ਮੇਜਰ ਰਵਿਦਾਸੀਆ ਸਿੰਘ ਸੀ, ਉਹ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਮੁਰਾਲੇ ਪੁੱਜਾ ਤੇ ਬੇਨਤੀ ਕੀਤੀ ਕਿ ਮੈਂ ਮਿੰਟਗੁਮਰੀ ਦੇ ਜ਼ਿਲ੍ਹੇ ਵਿਚੋਂ ਚੱਕ 243 ਤੋਂ ਆਇਆ ਹਾਂ। ਮੈਂ ਅਖੰਡ ਪਾਠ ਕਰਾਉਣਾ ਚਾਹੁੰਦਾ ਹਾਂ, ਪਰ ਉਥੇ ਲੁਬਾਣੇ ਸਿੰਘਾਂ ਦੇ ਘਰ ਭੀ ਹਨ। ਮੈਂ ਉਨ੍ਹਾਂ ਪਾਸ ਬੇਨਤੀ ਕੀਤੀ ਕਿ ਮੈਂ ਅਖੰਡ ਪਾਠ ਰਖਾਉਣਾ ਚਾਹੁੰਦਾ ਹਾਂ, ਤੁਸੀਂ ਸਾਰੀ ਸੰਗਤ ਮੇਰੇ ਘਰ ਲੰਗਰ ਛਕਣ ਲਈ ਜ਼ਰੂਰ ਦਰਸ਼ਨ ਦਿਓ, ਨਾਲੇ ਆ ਕੇ ਪਾਠ ਸੁਣੋ। ਪਰ ਉਹਨਾਂ ਕਿਹਾ ਕਿ ਪਾਠ ਤਾਂ ਆ ਕੇ ਸੁਣ ਲਵਾਂਗੇ, ਪਰ ਲੰਗਰ ਅਸੀਂ ਤੁਹਾਡੇ ਘਰ ਨਹੀਂ ਛਕਣਾ।

ਅਤੇ ਕਹਿਣ ਲੱਗਾ—ਜੇਕਰ ਆਪ ਦਰਸ਼ਨ ਦਿਉ ਤਾਂ ਮੇਰਾ ਇਹ ਜੱਗ ਸੰਪੂਰਨ ਹੋਵੇਗਾ ਤੇ ਨਾਲੇ ਸਾਰੀ ਸੰਗਤ ਤੁਹਾਡੇ ਪੁੱਜਣ ਤੇ ਦਰਸ਼ਨ ਦੇਵੇਗੀ, ਲੰਗਰ ਛਕੇਗੀ। ਆਪ ਜੀ ਨੇ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਨਿਯਤ ਤਾਰੀਖ ਤੇ ਉਥੇ ਪੁੱਜੇ। ਅਖੰਡ ਪਾਠ ਦੇ ਭੋਗ ਤੇ ਲੰਗਰ ਛਕਣ ਲਈ ਸਾਰੀ ਬਰਾਦਰੀ ਜੋ ਲੁਬਾਣੇ ਸਿੰਘਾਂ ਦੀ ਸੀ, ਮਹਾਂਪੁਰਖਾਂ ਦੇ ਬਚਨ ਸੁਣ ਕੇ ਇਕ ਵਾਰ ਭੀ ਨਾਂਹ ਨਾ ਕਰ ਸਕੀ। ਇਨ੍ਹਾਂ ਸਾਰਿਆਂ ਨੂੰ ਇਕ ਪੰਗਤ ਵਿਚ ਬਿਠਾ ਕੇ ਲੰਗਰ ਛਕਾਇਆ। ਸੂਬੇਦਾਰ ਮੇਜਰ ਗਦ-ਗਦ ਹੋ ਗਿਆ। ਬੜੇ ਪ੍ਰੇਮ ਨਾਲ ਆਪ ਜੀ ਦੀ ਇਹਨਾਂ ਨੇ ਸੇਵਾ ਕੀਤੀ। ਆਪ ਜੀ ਨੇ ਸਾਰੀ ਸੰਗਤ ਨੂੰ ਆਪਣੇ ਕੀਰਤਨ ਰਾਹੀਂ ਨਿਹਾਲ ਕੀਤਾ।

**ਇਕ ਹੋਰ ਘਟਨਾ** - ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਵਿਚ ਇਕ ਦਿਲਾਵਲਪੁਰ ਪਿੰਡ ਪਹਾੜ ਵਾਲੇ ਪਾਸੇ ਸੀ। ਪਿੰਡ ਦੇ ਲੋਕ ਬਹੁਤ ਸਹਿਜਧਾਰੀ ਸਨ ਤੇ ਜੱਟ ਬਰਾਦਰੀ ਵਿਚੋਂ ਸਨ। ਇਕ ਬੀਬੀ ਮੁਸਲਮਾਨਣੀ ਵਿਧਵਾ ਹੋ ਗਈ। ਇਥੋਂ ਦਾ ਇਕ ਸਿੰਘ ਭਾਈ ਰਾਮ ਸਿੰਘ ਬੜਾ ਦਲੇਰ ਸੀ, ਉਸ ਬੀਬੀ ਨੂੰ ਨਾਲ ਲੈ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਲਿਆਇਆ ਅਤੇ ਕਹਿਣ ਲੱਗਾ—ਜੀ ਆਪ ਸਾਨੂੰ ਦੋਹਾਂ ਨੂੰ ਅੰਮ੍ਰਿਤ ਛਕਾ ਦਿਉ ਤੇ ਨਾਲ ਹੀ ਅਨੰਦ ਕਾਰਜ ਕਰ ਦਿਉ। ਮਹਾਂਪੁਰਖ ਕਹਿਣ ਲੱਗੇ ਕਿ ਅਸੀਂ ਇਥੇ ਅੰਮ੍ਰਿਤ ਨਹੀਂ ਛਕਾਉਣਾ, ਕਿਉਂਕਿ ਇਲਾਕਾ ਮੁਸਲਮਾਨਾਂ ਦਾ ਹੈ। ਕੱਲ੍ਹ ਨੂੰ ਕੋਈ ਮਜਹਬੀ ਸੁਆਲ ਉੱਠ ਪਏ ਤਾਂ ਸੰਭਾਲਣਾ ਔਖਾ ਹੋ ਜਾਵੇਗਾ। ਤੈਨੂੰ ਚਿੱਠੀ ਲਿਖ ਦੇਂਦੇ ਹਾਂ, ਤੂੰ ਅੰਮ੍ਰਿਤਸਰ ਚਲਾ ਜਾਹ, ਉਥੋਂ ਅੰਮ੍ਰਿਤ ਛਕ ਲੈਣਾ ਤੇ ਉਥੇ ਹੀ ਉਹ ਅਨੰਦ ਕਾਰਜ ਭੀ ਕਰ ਦੇਣਗੇ। ਭਾਈ ਰਾਮ ਸਿੰਘ ਮਹਾਂਪੁਰਖਾਂ ਦੀ ਚਿੱਠੀ ਲੈ ਕੇ ਅੰਮ੍ਰਿਤਸਰ ਪੁੱਜਾ। ਆਪ ਜੀ ਦੀ ਚਿੱਠੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵਿਖਾਈ। ਪੰਜਾਂ ਪਿਆਰਿਆਂ ਅੰਮ੍ਰਿਤ ਛਕਾਇਆ, ਨਾਲ ਹੀ ਅਨੰਦ ਕਾਰਜ ਭੀ ਕਰ ਦਿੱਤਾ। ਕੁਝ ਦਿਨਾਂ ਪਿਛੋਂ ਆਪਣੇ ਪਿੰਡ ਕਲਾਵਲਪੁਰ ਵਾਪਸ ਆ ਗਿਆ। ਇਨ੍ਹਾਂ ਦੀ ਬਰਾਦਰੀ ਨੇ ਭਾਈ ਰਾਮ ਸਿੰਘ ਦਾ ਬਾਈਕਾਟ ਕਰ ਦਿੱਤਾ। ਪਿੰਡ ਵਿਚ ਢੰਡੋਰਾ ਫਿਰਾਇਆ ਗਿਆ ਕਿ ਭਾਈ ਰਾਮ ਸਿੰਘ ਦਾ ਬਾਈਕਾਟ ਕੀਤਾ ਗਿਆ ਹੈ, ਇਸ ਨਾਲ ਕੋਈ ਰੋਟੀ ਬੇਟੀ ਦੀ ਸਾਂਝ ਨਾ ਰੱਖੇ। ਜੋ ਇਸ ਨਾਲ ਵਰਤੇਗਾ, ਉਹ ਪੰਚਾਇਤ ਦਾ ਡੰਡ ਭਰੇਗਾ। ਭਾਈ ਰਾਮ ਸਿੰਘ ਫਿਰ ਮੁਰਾਲੇ ਪੁੱਜਾ। ਆਪਣੀ ਸਾਰੀ ਗੱਲ ਬਰਾਦਰੀ ਦੇ ਬਾਈਕਾਟ ਕਰਨ ਦੀ ਦੱਸੀ ਤੇ ਕਿਹਾ ਕਿ ਆਪ ਜੀ ਦੇ ਪੁੱਜਣ ਨਾਲ ਹੀ ਕੁਝ ਹੋ ਸਕਦਾ ਹੈ, ਨਹੀਂ ਤਾਂ ਮੇਰਾ ਉਥੇ ਵਸੇਬਾ ਕਠਿਨ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕਿਹਾ ਕਿ ਅਮਕੀ ਤਾਰੀਖ ਤੀਕ ਅਸੀਂ ਤੇਰੇ ਪਿੰਡ ਪੁੱਜਾਂਗੇ। ਕਵਾਂਖ ਤੇ ਬਜ਼ੁਰਗਵਾਲ ਤੂੰ ਖ਼ਬਰ ਦੇ ਦੇਵੀਂ ਤੇ ਕਹਿਣਾ ਕਿ ਇਥੇ ਭਾਰੀ ਦੀਵਾਨ ਲੱਗੇਗਾ। ਇਸ ਤਰ੍ਹਾਂ ਸਾਡੇ ਪੁੱਜਣ ਦੀ ਭੀ ਖ਼ਬਰ ਦੇ ਦੇਈਂ। ਸਭ ਇਲਾਕੇ ਵਿਚ ਖ਼ਬਰ ਦਿੱਤੀ ਗਈ। ਆਪ ਨਿਯਤ ਤਾਰੀਖ ਤੇ ਪੁੱਜ ਗਏ। ਬੜਾ ਭਾਰੀ ਦੀਵਾਨ ਲੱਗਾ। ਮਹਾਂਪੁਰਖਾਂ ਕੀਰਤਨ ਕੀਤਾ। ਗਿ: ਪ੍ਰਤਾਪ ਸਿੰਘ ਜੋ ਅਜੇ ਨਵੇਂ-ਨਵੇਂ ਹੀ ਪ੍ਰਚਾਰਕ ਬਣੇ ਸਨ, ਜੋ ਪਿੱਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ, ਉਹ ਭੀ ਪੁੱਜੇ। ਪਿੰਡ ਦੇ ਲੋਕਾਂ ਨੂੰ ਕਈ ਝਾੜਾਂ ਪਾਈਆਂ, ਕੁਝ ਪਿਆਰ ਨਾਲ ਵੀ ਸਮਝਾਇਆ। ਪਿੰਡ ਦੀ ਪੰਚਾਇਤ ਨੇ ਆਪ ਜੀ ਦਾ ਬਚਨ ਮੰਨ ਕੇ ਭਾਈ ਰਾਮ ਸਿੰਘ ਦੇ ਘਰ ਉਸ ਬੀਬੀ ਦਾ ਸਜਾਇਆ ਲੰਗਰ ਸਭ ਨੇ ਛਕਿਆ ਤੇ ਭਾਈ ਰਾਮ ਸਿੰਘ ਨੂੰ ਬਰਾਦਰੀ ਵਿਚ ਰਲਾ ਕੇ ਆਪ ਜੀ ਵਾਪਸ ਆ ਗਏ। ਆਪ ਜੀ ਦਾ ਸੁਭਾ ਸੀ ਕਿ ਜੋ ਕੰਮ ਉਹ ਕਰਨਾ ਚਾਹੁਣ ਉਹ ਕਰਕੇ ਹੀ ਛੱਡਦੇ ਸਨ। ਉਹ ਆਪਣੇ ਇਰਾਦੇ ਦੇ ਬੜੇ ਪੱਕੇ ਸਨ। ਭਾਵੇਂ ਪਿਛਾਂਹ-ਖਿੱਚੂ ਸਾਧ ਸੰਤ, ਕੁਝ ਆਪ ਜੀ ਦੀ ਸੰਪ੍ਰਦਾ ਦੇ ਅਤੇ ਕੁਝ ਹਿੰਦੂ, ਇਨ੍ਹਾਂ ਹਰੀਜਨਾਂ, ਮਜ਼ਹਬੀਆਂ ਅਤੇ ਰਵਿਦਾਸੀਆਂ ਨੂੰ ਸੰਗਤ-ਪੰਗਤ ਵਿਚ ਮਿਲਾਉਣ ਦੀ ਵਿਰੋਧਤਾ ਕਰਦੇ ਸਨ, ਪਰ ਆਪ ਜੀ ਨੇ ਕਿਸੇ ਭੀ ਵਿਰੋਧਤਾ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਗੁਰੂ ਆਸ਼ੇ ਅਨੁਸਾਰ ਜਾਤ-ਪਾਤ ਦਾ ਭੇਦ ਮਿਟਾਉਣ ਲਈ ਬੜਾ ਭਾਰੀ ਅਮਲੀ ਕਦਮ ਚੁੱਕਿਆ।

ਇਸ ਤੋਂ ਪਹਿਲਾਂ ਆਪ ਜੀ ਨੇ ਟਾਂਡੇ ਪਿੰਡ ਵਿਚ ਇਕ ਮੇਘ ਜਾਤੀਸੀ, ਜਿਨ੍ਹਾਂ ਨੂੰ ਆਰੀਏ ਭੀ ਕਹਿੰਦੇ ਸਨ, ਉਨ੍ਹਾਂ ਨੂੰ ਜਾਤ-ਪਾਤ ਦਾ ਵਿਤਕਰਾ ਦੂਰ ਕਰਕੇ ਖੂਹਾਂ ਤੋਂ ਪਾਣੀ ਭਰਨ ਦੀ ਖੁਲ੍ਹ ਕਰਾਈ ਅਤੇ ਸੰਗਤ ਤੇ ਪੰਗਤ ਵਿਚ ਉਹਨਾਂ ਨੂੰ ਬੈਠਣ ਦੀ ਭੀ ਖੁਲ੍ਹ ਕਰ ਦਿੱਤੀ।

**ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਲੰਗਰ ਵਿਚ ਵਣਜਾਰਿਆਂ ਨੂੰ ਖੁਲ੍ਹਾਂ** - ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਆਪ ਜੀ ਜਦੋਂ ਸੰਨ 1946 ਵਿਚ ਵੈਸਾਖੀ ਤੇ ਗਏ ਤਾਂ ਆਪ ਜੀ ਨੇ ਵੇਖਿਆ ਕਿ ਵਣਜਾਰਿਆਂ ਦੀ ਸੰਗਤ ਨੂੰ ਲੰਗਰ ਵਿਚ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਨਹੀਂ ਸੀ ਛਕਾਇਆ ਜਾਂਦਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਰਬਰਾਹ ਗੁਪਾਲ ਸਿੰਘ ਨੂੰ ਬੜਾ ਤਾੜ ਕੇ ਕਿਹਾ ਕਿ ਵਣਜਾਰਾ ਸੰਗਤ ਦੀ ਭੇਟਾ ਲੈ ਲੈਂਦੇ ਹੋ ਤੇ ਉਨ੍ਹਾਂ ਨੂੰ ਲੰਗਰ ਵਿਚ ਪ੍ਰਸ਼ਾਦ ਛਕਣ ਦੀ ਮਨਾਹੀ ਹੈ। ਕੀ ਉਹ ਅਛੂਤ ਨੇ, ਤੁਸੀਂ ਕਿਉਂ ਨਹੀਂ ਇਹਨਾਂ ਨੂੰ ਲੰਗਰ ਵਿਚ ਪ੍ਰਸ਼ਾਦ ਛਕਣ ਦਿੰਦੇ। ਮਹਾਂਪੁਰਖਾਂ ਕਿਹਾ-ਕੱਲ੍ਹ ਸਾਡੇ ਵੱਲੋਂ ਲੰਗਰ ਹੋਵੇਗਾ, ਤੁਸੀਂ ਕਿਸੇ ਨੂੰ ਰੋਕਣਾ ਨਹੀਂ। ਪੰਗਤ ਵਿਚ ਬੈਠ ਕੇ ਸਭ ਨੂੰ ਲੰਗਰ ਛਕਾਇਆ ਜਾਵੇਗਾ। ਸਰਬਰਾਹ ਨੇ ਹੱਥ ਜੋੜ ਕੇ ਮਾਫ਼ੀ ਮੰਗੀ ਤੇ ਅਗਲੇ ਦਿਨ ਸਭ ਨੂੰ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਗਿਆ। ਇਸ ਤਰ੍ਹਾਂ ਆਪ ਜੀ ਨੇ ਛੂਤ-ਛਾਤ ਦੇ ਖਿਲਾਫ਼ ਭੀ ਬੜੀ ਜ਼ੋਰ ਨਾਲ ਲਹਿਰ ਚਲਾਈ, ਜਿਸ ਨਾਲ ਸਿੱਖ ਜਗਤ ਵਿਚ ਆਪ ਜੀ ਦੀ ਭਾਰੀ ਪ੍ਰਸ਼ੰਸ਼ਾ ਹੋਈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ

**ਡਾ. ਜਸਵੰਤ ਸਿੰਘ**

## ਕੈਪਟਨ ਜਵਾਲਾ ਸਿੰਘ

ਸੂਬੇਦਾਰ ਮੇਜਰ (ਔਨਰੈਈ ਕੈਪਟਨ) ਜਵਾਲਾ ਸਿੰਘ ਦਾ ਜਨਮ ਪਿੰਡ ਮਹਿਸਮ ਜ਼ਿਲ੍ਹਾ ਗੁਜਰਾਤ ਵਿਚ ਹੋਇਆ। ਉਹ ਸਿੱਖ ਪਾਈਨੀਅਰ ਵਿਚ ਭਰਤੀ ਹੋਏ ਤੇ 3 ਸਿੱਖ ਪਾਈਨੀਅਰ ਵਿਚ ਸੂਬੇਦਾਰ ਮੇਜਰ ਦੇ ਅਹੁਦੇ ਤੱਕ ਪਹੁੰਚੇ। ਉਹਨਾਂ ਨੇ ਸੈਨਿਕ ਸੇਵਾ ਦੌਰਾਨ ਕਈ ਮਹੱਤਵਪੂਰਨ ਮੁਹਿੰਮਾਂ ਵਿਚ ਹਿੱਸਾ ਲਿਆ। ਉਹਨਾਂ ਨੇ ਪਹਿਲੇ ਮਹਾਂਯੁੱਧ (1914-1918) ਦੌਰਾਨ ਬਹੁਤ ਬਹਾਦਰੀ ਦਿਖਾਈ ਤੇ ਇੰਡੀਆ ਆਡਰ ਆਫ਼ ਮੈਰਿਟ ਅਤੇ ਆਡਰ ਆਫ਼ ਬ੍ਰਿਟਿਸ਼ ਇੰਡੀਆ ਪ੍ਰਾਪਤ ਕੀਤੇ। ਉਹਨਾਂ ਨੂੰ ਚੱਕ ਨੰਬਰ 28, ਜ਼ਿਲ੍ਹਾ ਗੁਜਰਾਤ ਵਿਚ ਦੋ ਮੁਰੱਬੇ ਜ਼ਮੀਨ ਵੀ ਮਿਲੀ। ਉਹ 1920 ਵਿਚ ਸੇਵਾ ਤੋਂ ਭਾਰ ਮੁਕਤ ਹੋਏ।



ਉਹਨਾਂ ਨੇ ਲੁਬਾਣਾ ਬਰਾਦਰੀ ਦੀ ਅੰਗਰੇਜ਼ ਸੈਨਾ ਵਿਚ ਭਰਤੀ ਵਧਾਉਣ ਲਈ, ਉਹਨਾਂ ਦੀਆਂ ਵੱਖਰੀਆਂ ਕੰਪਨੀਆਂ ਖੜ੍ਹੀਆਂ ਕਰਵਾਉਣ ਲਈ ਅਤੇ ਉਹਨਾਂ ਨੂੰ ਖੇਤੀਬਾੜੀ ਵਾਲੇ ਕਬੀਲਿਆਂ ਵਿਚ ਸ਼ਾਮਲ ਕਰਵਾਉਣ ਲਈ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ।

ਉਹ ਸੰਤ ਬਾਬਾ ਪ੍ਰੇਮ ਸਿੰਘ ਰਾਹੀਂ ਸ਼ੁਰੂ ਕੀਤੀ ਗਈ ਵਿਹਾਰ ਸੁਧਾਰ ਲਹਿਰ ਵਿਚ ਸ਼ਾਮਲ ਹੋਏ। ਉਹਨਾਂ ਨੇ ਮਹਾਨ ਮਹਾਂਪੁਰਸ਼ ਸੰਤ ਬਾਬਾ ਪ੍ਰੇਮ ਸਿੰਘ ਰਾਹੀਂ ਸ਼ੁਰੂ ਕੀਤੇ ਵਿਦਿਅਕ ਪ੍ਰੋਗਰਾਮਾਂ ਵਿਚ ਬਹੁਤ ਵੱਧ ਚੜ੍ਹ ਕੇ ਹਿੱਸਾ ਲਿਆ। ਉਹ 1921 ਈ. ਵਿਚ ਸਥਾਪਿਤ ਕੀਤੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ ਦੇ ਉਪ ਪ੍ਰਦਾਨ ਸਨ। ਉਹ ਇਲਾਕੇ ਦੇ ਮੁੱਖੀ ਸੱਜਣਾਂ ਵਿੱਚੋਂ ਇਕ ਸਨ। ਉਹਨਾਂ ਨੂੰ ਗੁਜਰਾਤ ਜ਼ਿਲ੍ਹਾ ਬੋਰਡ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ।

## ਡਾ. ਸੁੰਦਰ ਸਿੰਘ (1870-1940)

ਡਾ. ਸੁੰਦਰ ਸਿੰਘ ਦਾ ਜਨਮ ਪਿੰਡ ਬਜ਼ੁਰਗਵਾਲ, ਜ਼ਿਲ੍ਹਾ ਗੁਜਰਾਤ 1870 ਈ. ਵਿਚ ਹੋਇਆ। ਅੱਠਵੀਂ ਸ਼੍ਰੇਣੀ ਤੱਕ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਹ ਲਾਹੌਰ ਮੈਡੀਕਲ ਸਕੂਲ ਵਿਚ ਦਾਖਲ ਹੋਏ ਤੇ ਲੋਕਲ ਨੇਟਿਵ ਡਾਕਟਰ ਦੀ ਡਿਗਰੀ ਪ੍ਰਾਪਤ ਕੀਤੀ। ਉਹਨਾਂ ਨੇ ਬਕਾਇਤਾ ਤੌਰ 'ਤੇ ਡਾਕਟਰ ਵਜੋਂ ਆਪਣੀ ਸੇਵਾ ਬਰਮਾ ਵਿਚ ਸ਼ੁਰੂ ਕੀਤੀ। ਉਹ ਤਰੱਕੀ ਕਰਦੇ ਹੋਏ 1912 ਈ. ਵਿਚ ਸੇਵਾ ਤੋਂ ਭਾਰ ਮੁਕਤ ਹੋ ਕੇ ਭਾਰਤ ਆ ਗਏ।

ਸੇਵਾ ਤੋਂ ਭਾਰ ਮੁਕਤ ਹੋਣ ਉਪਰੰਤ ਉਨ੍ਹਾਂ ਨੇ ਆਪਣਾ ਸਾਰਾ ਸਮਾਂ ਲੁਬਾਣਾ ਬਰਾਦਰੀ ਦੀ ਭਲਾਈ ਵਾਸਤੇ ਲਗਾ ਦਿੱਤਾ। ਉਹਨਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਰਾਹੀਂ ਸ਼ੁਰੂ ਕੀਤੀ ਵਿਹਾਰ ਸੁਧਾਰ ਲਹਿਰ ਵਿਚ ਹਿੱਸਾ ਲਿਆ। ਉਨ੍ਹਾਂ ਨੇ ਸਿੱਖਿਆ ਦੇ ਪ੍ਰਸਾਰ ਲਈ ਬਹੁਤ ਸ਼ਲਾਘਾਯੋਗ ਕੰਮ ਕੀਤੇ। ਉਹਨਾਂ ਨੇ 1921 ਈ. ਵਿਚ ਗੁਰੂ ਗੋਬਿੰਦ ਸਿੰਘ ਖ਼ਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ ਸਥਾਪਿਤ ਕਰਨ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ। ਉਹ ਇਸ ਸਕੂਲ ਦੇ ਸਾਰੀ ਉਮਰ 1940 ਈ. ਤੱਕ ਸਕੱਤਰ ਰਹੇ। ਉਨ੍ਹਾਂ ਨੇ ਆਪਣੇ ਪਿੰਡ ਬਜ਼ੁਰਗਵਾਲ ਵਿਚ ਇਕ ਲੜਕਿਆਂ ਅਤੇ ਇਕ ਲੜਕੀਆਂ ਲਈ ਪ੍ਰਾਇਮਰੀ ਸਕੂਲ ਬਣਾ ਦਿੱਤਾ। ਇਨ੍ਹਾਂ ਸਕੂਲਾਂ ਵਿਚ ਗਰੀਬਾਂ ਨੂੰ ਬਿਨਾਂ ਭਿੰਨ ਭੇਦ ਦੇ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਸੀ।



* * * * *

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

# ਜੁਲਾਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

**1. ਸੋਲਰ ਸਿਸਟਮ ਬਾਰੇ :-** ਪਿਛਲੇ ਕੁਝ ਮਹੀਨਿਆਂ ਤੋਂ ਸੋਲਰ ਸਿਸਟਮ ਦਾ ਕੰਮ ਚੱਲ ਰਿਹਾ ਸੀ। ਸੋਲਰ ਸਿਸਟਮ ਦੀ ਤਕਰੀਬਨ 16 ਲੱਖ ਰੁਪਏ ਦੀ ਪੇਮੈਂਟ ਕਰ ਦਿੱਤੀ ਗਈ ਸੀ ਅਤੇ ਬਾਕੀ 4,10,000/-ਰੁ: ਦੀ ਅਦਾਇਗੀ ਕੰਮ ਪੂਰਾ ਹੋਣ ਤੋਂ ਬਾਅਦ ਕਰਨੀ ਸੀ। ਬਹੁਤ ਖੁਸ਼ੀ ਦੀ ਗੱਲ ਹੈ ਕਿ ਮਿਤੀ 13-07-2019 ਨੂੰ ਸੋਲਰ ਪਲਾਂਟ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਵਾਸਤੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਬਹੁਤ ਸਹਿਯੋਗ ਰਿਹਾ ਹੈ ਅਤੇ ਖਾਸ ਕਰਕੇ ਸ. ਰਾਜਪਾਲ ਸਿੰਘ ਰਿਜ਼ਨਲ ਪ੍ਰਧਾਨ ਚੰਡੀਗੜ੍ਹ ਜੀ ਦੀ ਮਿਹਨਤ ਦਾ ਫਲ ਹੈ। ਅਸੀਂ ਸ. ਰਾਜਪਾਲ ਸਿੰਘ ਜੀ ਦੇ ਬਹੁਤ ਧੰਨਵਾਦੀ ਹਾਂ। ਮਿਤੀ 13-07-2019 ਨੂੰ ਪ੍ਰਧਾਨ ਜਗੀਰ ਸਿੰਘ ਲਾਲੀਆ ਨੇ ਉਦਘਾਟਨ ਕਰਕੇ ਫਾਉਂਡੇਸ਼ਨ ਨੂੰ ਸੋਲਰ ਸਿਸਟਮ ਸੋਂਪ ਦਿੱਤਾ। ਉਦਘਾਟਨ ਦੇ ਸਮੇਂ ਸਭ ਹਾਜ਼ਰ ਮੈਂਬਰਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਭ ਨੇ ਬਹੁਤ ਖੁਸ਼ੀ ਮਹਿਸੂਸ ਕੀਤੀ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡਾ ਸੋਲਰ ਸਿਸਟਮ ਬਹੁਤ ਵਧੀਆ ਚੱਲ ਰਿਹਾ ਹੈ, ਜਿਸ ਤੋਂ 200 ਯੂਨਿਟ ਹਰ ਰੋਜ਼ ਦੀ ਆਸ ਸੀ ਪਰ ਸਾਡਾ ਸੋਲਰ ਪੂਰਾ ਦਿਨ ਸਹੀ ਧੁੱਪ ਰਹੇ ਤਾਂ 250 ਯੂਨਿਟ ਤੱਕ ਪ੍ਰੋਡਕਸ਼ਨ ਕਰਦਾ ਹੈ। ਸੋਲਰ ਸਿਸਟਮ ਦੀ ਇੱਕ ਕਿਸ਼ਤ ਜੋ ਬਾਕੀ ਰਹਿ ਗਈ ਹੈ, ਉਸ ਦੀ ਛੇਤੀ ਅਦਾਇਗੀ ਕਰ ਦਿੱਤੀ ਜਾਵੇਗੀ ਅਤੇ ਸਬਸਿਡੀ ਲਈ ਅਪਲਾਈ ਕਰ ਦਿੱਤਾ ਜਾਵੇਗਾ।




**2. ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲ਼ਫ਼ਜ਼ ਹਟਾਉਣ ਬਾਰੇ :-** ਇਸ ਬਾਰੇ ਸਮੇਂ-ਸਮੇਂ ਸਿਰ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਯਾਦ ਪੱਤਰ ਦਿੱਤੇ ਜਾ ਰਹੇ ਹਨ। ਮਿਤੀ 08-07-2019 ਨੂੰ ਮੈਨੇਜਰ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਢਾ ਸਾਹਿਬ ਨਾਲ ਮੀਟਿੰਗ ਕੀਤੀ ਗਈ ਸੀ, ਜਿਸ ਵਿਚ ਪ੍ਰਧਾਨ ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ, ਜਨਰਲ ਸਕੱਤਰ ਅਮਰਜੀਤ ਸਿੰਘ, ਵਿੱਤ ਸਕੱਤਰ ਹਰਦਿਆਲ ਸਿੰਘ ਘੋਤੜਾ, ਸ. ਗੁਰਪਾਲ ਸਿੰਘ ਨਰਾਇਣਗੜ੍ਹ ਅਤੇ ਕੁਝ ਹੋਰ ਮੈਂਬਰ ਨਾਢਾ ਪਿੰਡ ਤੋਂ ਵੀ ਸਨ। ਕਾਫੀ ਬਹਿਸ ਤੋਂ ਬਾਅਦ ਪ੍ਰਧਾਨ ਜੀ ਨੇ ਉਹ ਪੱਥਰ ਜੋ ਫਿਕਸ ਹੈ ਉਹ ਦਿਖਾਇਆ ਤਾਂ ਉਹ ਕਾਫੀ ਸਹਿਮਤ ਹੋ ਗਏ ਅਤੇ ਉਹਨਾਂ ਨੇ ਭਰੋਸਾ ਦਿੱਤਾ ਕਿ ਜੋ ਪੱਥਰ ਸ਼ਾਮ ਜਿਊਲਰਸ ਨੇ ਲਗਾਇਆ ਹੈ ਉਸ ਨੂੰ ਹਟਾ ਦਿੱਤਾ ਜਾਵੇਗਾ ਅਤੇ ਪਹਿਲਾਂ ਵਾਂਗ ਇਤਿਹਾਸਿਕ ਸ਼ਬਦਾਂ ਅਨੁਸਾਰ ਲਿਖਵਾ ਦਿੱਤਾ ਜਾਵੇਗਾ। ਇਸ ਬਾਰੇ ਇੱਕ ਮਹੀਨਾਂ ਹੋਰ ਇੰਤਜਾਰ ਕੀਤਾ ਜਾਵੇਗਾ। ਜੇਕਰ ਕੁਝ ਨਾ ਹੋਇਆ ਤਾਂ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਮਸਲੇ ਬਾਰੇ ਬੀਬੀ ਜਗੀਰ ਕੌਰ ਜੀ ਸਾਬਕਾ ਮੰਤਰੀ ਅਤੇ ਸਾਬਕਾ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਨੇ ਵੀ ਗੁਰਦੁਆਰਾ ਪ੍ਰਬੰਧਕਾਂ ਨੂੰ ਫੋਨ ਕੀਤਾ ਸੀ।

**3. ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ :-** ਮਿਤੀ 13-07-2019 ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਭਵਨ ਦੇ ਕਾਂਨਫਰੈਂਸ ਰੂਮ ਵਿਚ ਹੋਈ। ਜਿਸ ਵਿਚ ਹੋਰ ਮਸਲਿਆਂ ਤੋਂ ਇਲਾਵਾ ਸਾਬਕਾ ਜਨਰਲ ਸਕੱਤਰ ਜੋ ਅਨਐਥੀਕਲ ਇਲਜਾਮ ਲਗਾ ਰਹੀ ਹੈ, ਉਸ ਬਾਰੇ ਇੱਕ ਕਮੇਟੀ ਬਣਾਈ ਗਈ, ਜਿਸ ਨੂੰ ਹਿਦਾਇਤ ਕੀਤੀ ਗਈ ਕਿ ਇੱਕ ਹਫ਼ਤੇ ਤੱਕ ਸਾਬਕਾ ਜਨਰਲ ਸਕੱਤਰ ਨਾਲ ਗੱਲਬਾਤ ਕਰਕੇ ਉਸਨੂੰ ਅਜਿਹੀਆਂ ਸ਼ਿਕਾਇਤਾਂ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਮੈਨੇਜਮੈਂਟ ਹੋਰ ਅਗਲੀ ਕਾਰਵਾਈ ਕਰਨ ਤੋਂ ਪਰਹੇਜ ਕਰੇ ਅਤੇ ਭਵਨ ਦਾ ਮਾਹੋਲ ਠੀਕ-ਠਾਕ ਅਤੇ ਸ਼ਾਂਤੀਪੂਰਵਕ ਰਹੇ, ਜਿਸ ਨਾਲ ਭਵਨ ਦੀ ਪ੍ਰੋਗਰੈਸ ਦੀ ਗਤੀ ਵਿਚ ਕੋਈ ਵਿਘਨ ਨਾ ਪਵੇ।

ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਜੀ ਨੇ ਮੀਟਿੰਗ ਵਿਚ ਦੋ ਮਤੇ ਪੇਸ਼ ਕੀਤੇ ਸਨ। ਜਿਸ ਵਿਚ ਸੰਤ ਪ੍ਰੇਮ ਸਿੰਘ ਜੀ ਦੀ ਬਰਸੀ ਬੜੀ ਧੂੰਮ-ਧਾਮ ਨਾਲ ਮਨਾਉਣ ਦੀ ਸ਼ਲਾਘਾ ਕੀਤੀ ਅਤੇ ਦੂਸਰੇ ਮਤੇ ਵਿਚ ਭਵਨ ਦੀ ਮੈਨੇਜਮੈਂਟ ਦੇ ਸ਼ਲਾਘਾਯੋਗ ਕੰਮਾਂ ਦੀ ਸਿਫਤ ਕੀਤੀ। ਦੋਹਾਂ ਮਤਿਆਂ ਦੀ ਸਭ ਮੈਂਬਰਾਂ ਨੇ ਸਹਿਮਤੀ ਦਿੱਤੀ।



**4. ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ :-** ਇਸ ਬਾਰੇ ਮਾਨਯੋਗ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਕੇਸ ਪੈਂਡਿੰਗ ਹੈ ਇਸ ਮਸਲੇ ਬਾਰੇ ਮਾਨਯੋਗ ਸੁਪਰੀਮ ਕੋਰਟ ਦੀ ਕਿਸੇ ਹੋਰ ਕੇਸ ਵਿਚ ਫੈਸਲਾ ਆ ਚੁੱਕਿਆ ਹੈ ਕਿ ਚੰਡੀਗੜ੍ਹ ਪੈਕ ਯੂਨੀਵਰਸਿਟੀ ਸੈਂਟਰਲੀ ਸਪਾਂਸਰਡ ਯੂਨੀਵਰਸਿਟੀ ਹੈ। ਇਸ ਫੈਸਲੇ ਨੂੰ ਮੁੱਖ ਰੱਖਦਿਆਂ ਹਾਈਕੋਰਟ ਵਿਚ ਰਿੱਟ ਪਾਈ ਜਾ ਰਹੀ ਹੈ ਤਾਂ ਕਿ ਛੇਤੀ ਫੈਸਲਾ ਹੋ ਸਕੇ। ਉਮੀਦ ਹੈ ਕਿ ਛੇਤੀ ਹੀ ਹੱਕ ਵਿਚ ਫੈਸਲਾ ਹੋ ਜਾਵੇਗਾ।

**5. ਫਾਇਨਾਂਸ ਕਮੇਟੀ ਦੀ ਮੀਟਿੰਗ ਬਾਰੇ :-** ਮਿਤੀ 27-07-2019 ਨੂੰ ਫਾਇਨਾਂਸ ਕਮੇਟੀ ਦੀ ਮੀਟਿੰਗ ਭਵਨ ਦੀ ਲਾਇਬ੍ਰੇਰੀ ਵਿਚ ਪ੍ਰਧਾਨ ਜਗੀਰ ਸਿੰਘ ਲਾਲੀਆ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ 7 ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਵਿਚ ਮਿਤੀ 30-06-2019 ਤੱਕ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਪੇਸ਼ ਕੀਤਾ ਗਿਆ। ਮਿਤੀ 30-06-2019 ਤੱਕ ਦੇ ਸਭ ਪ੍ਰਾਜੈਕਟਾਂ ਦੇ ਖ਼ਰਚੇ ਦਾ ਵੀ ਵੇਰਵਾ ਦਿੱਤਾ ਗਿਆ ਅਤੇ ਸਭ ਮੈਂਬਰਾਂ ਨੂੰ ਕਮੈਂਟਸ ਪੇਸ਼ ਕਰਨ ਬਾਰੇ ਬੇਨਤੀ ਵੀ ਕੀਤੀ ਗਈ। ਮੀਟਿੰਗ ਵਿਚ ਪਾਠੀ ਸਿੰਘਾਂ ਦੀ ਭੇਟਾ ਵਿਚ ਵਾਧਾ ਕੀਤਾ ਗਿਆ ਅਤੇ ਮੈਨੇਜਰ ਫਾਇਨਾਂਸ ਨੂੰ 500 ਰੁ: ਮਹੀਨਾਂ ਟਰੈਵਲਿੰਗ ਅਲਾਉਂਸ ਵੀ ਸੈਂਕਸ਼ਨ ਕੀਤਾ ਗਿਆ। ਸਭ ਮੈਂਬਰਾਂ ਨੇ ਵਿੱਤ ਸਕੱਤਰ ਵੱਲੋਂ ਪੇਸ਼ ਕੀਤੇ ਆਮਦਨ ਅਤੇ ਖ਼ਰਚੇ ਦੇ ਵੇਰਵਿਆਂ ਨੂੰ ਪਾਸ ਕੀਤਾ ਅਤੇ ਵਿੱਤ ਸਕੱਤਰ ਦੀ ਸ਼ਲਾਘਾ ਕੀਤੀ।



**6. ਸ. ਹਰਵਿੰਦਰ ਸਿੰਘ ਨੂੰ ਆਈ.ਏ.ਐਸ. ਬਣਨ ਤੇ ਫਾਊਂਡੇਸ਼ਨ ਵੱਲੋਂ ਸਨਮਾਨਿਤ ਕਰਨ ਬਾਰੇ :-** ਸ. ਹਰਵਿੰਦਰ ਸਿੰਘ ਪੁੱਤਰ ਸ. ਗੁਰਮੀਤ ਸਿੰਘ ਪਿੰਡ-ਕੋਟਲੀ ਮੀਆਂ ਫਤਿਹ, ਜ਼ਿਲ੍ਹਾ, ਜੰਮੂ ਜੋ ਆਈ.ਏ.ਐਸ. ਵਿਚ ਚੁਣੇ ਗਏ ਹਨ, ਆਪਣੇ ਮਾਤਾ ਪਿਤਾ ਜੀ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ ਪਹੁੰਚਣ ਤੇ ਭਵਨ ਦੀ ਮੈਨੇਜਮੈਂਟ ਵੱਲੋਂ ਸਵਾਗਤ ਕੀਤਾ ਗਿਆ ਅਤੇ ਪ੍ਰਧਾਨ ਜਗੀਰ ਸਿੰਘ ਲਾਲੀਆ ਜੀ ਨੇ ਮੈਨੇਜਮੈਂ ਵੱਲੋਂ ਸ. ਹਰਵਿੰਦਰ ਸਿੰਘ ਅਤੇ ਉਹਨਾਂ ਦੇ ਮਾਤਾ ਪਿਤਾ ਜੀ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ ਅਤੇ ਸ. ਹਰਵਿੰਦਰ ਸਿੰਘ ਜੀ ਨੂੰ ਸਨਮਾਨਿਤ ਚਿੰਨ ਵੀ ਦਿੱਤਾ ਅਤੇ ਬੇਨਤੀ ਕੀਤੀ ਕਿ ਉਹ ਇਸ ਭਵਨ ਦੇ ਸਨਮਾਨਿਤ ਚਿੰਨ ਨੂੰ ਸਦਾ ਯਾਦ ਰੱਖਣਗੇ ਅਤੇ ਆਪਣੇ ਨਾਲ ਰੱਖਣਗੇ। ਮੈਨੇਜਮੈਂਟ ਦੇ ਸਭ ਅਹੁਦੇਦਾਰਾਂ ਨੇ ਵੀ ਮੁਬਾਰਕਾਂ ਦਿੱਤੀਆਂ ਅਤੇ ਬੇਟੇ ਦਾ ਧੰਨਵਾਦ ਕੀਤਾ ਕਿਉਂਕਿ ਉਹਨਾਂ ਨੇ ਇਹ ਵੱਡੀ ਪਦਵੀ ਪਾ ਕੇ ਕੌਮ ਦਾ ਸਿਰ ਉੱਚਾ ਕੀਤਾ ਹੈ।



**7. "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਬਾਰੇ :-** ਨਰਾਇਣਗੜ੍ਹ (ਹਰਿਆਣਾ) ਵਿਚ "ਗੁਰੂ ਲਾਧੋ ਰੇ" ਭਵਨ ਉਸਾਰੀ ਅਧੀਨ ਹੈ, ਜੇਕਰ ਕਿਸੇ ਮੈਂਬਰ/ਅਹੁਦੇਦਾਰ/ਸੰਗਤ ਨੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਊਂਟ ਨੰਬਰ ਤੇ ਰੁਪਏ ਪਾ ਸਕਦੇ ਹਨ:

* ਬੈਂਕ ਦਾ ਨਾਮ- ਪੰਜਾਬ ਨੈਸ਼ਨਲ ਬੈਂਕ

* ਅਕਾਊਂਟ ਹੋਲਡਰ ਦਾ ਨਾਮ- ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, Bank A/C No- 2733000102901938, IFSC-PUNB-20273300, ਮੁੱਖ ਸੇਵਾਦਾਰ ਸ. ਗੁਰਪਾਲ ਸਿੰਘ ਨਰਾਇਣਗੜ੍ਹ, ਮੋਬਾ. ਨੰ. 94161-35379, 94167-30001

**ਮੈਡੀਕਲ ਵਿੰਗ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਜੁਲਾਈ ਮਹੀਨੇ ਦੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

**ਜੁਲਾਈ ਮਹੀਨੇ ਦੇ ਇਲਾਜ ਦਾ ਵੇਰਵਾ:-**

| | | | |
|---|---|---|---|
| 1. | ਮੈਡੀਕਲ ਓ.ਪੀ.ਡੀ. | - | 100 |
| 2. | ਮੈਡੀਕਲ ਲੈਬ | - | 30 |
| 3. | ਡੈਂਟਲਕਲੀਨਿਕ | - | 32 |

**ਮੈਡੀਕਲ ਕੈਂਪ ਬਾਰੇ :-** ਜੁਲਾਈ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 17 ਕੈਂਪ ਲਗਾਏ ਗਏ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 28-06-2019/ਬੜੀਬੱਸੀ | 30 |
| 2. | 29-06-2019/ਮੰਗਲੌਰ | 30 |
| 3. | 30-06-2019/ਖੇੜਕੀ | 30 |
| 4. | 02-07-2019/ਮਾਨਕਪੁਰ | 33 |
| 5. | 03-07-2019/ਜੰਗੂ ਮਾਜਰਾ | 30 |
| 6. | 05-07-2019/ਸੰਭੋਲਵਾ | 30 |
| 7. | 06-07-2019/ ਉੱਜਲਮਾਜਰੀ | 30 |
| 8. | 09-07-2019/ਭਾਰਾਂਪੁਰ | 32 |
| 9. | 16-07-2019/G.R.B. | 20 |
| 10. | 18-07-2019/ਬਰੌਲੀ | 36 |
| 11. | 19-07-2019/ਮੀਰਪੁਰ | 32 |
| 12. | 20-07-2019/ਅਕਬਰਪੁਰ | 28 |
| 13. | 24-07-2019/ਭੁਰੇਵਾਲਾ | 32 |
| | **ਕੁੱਲ** | **393** |




**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ**
**ਚੰਡੀਗੜ੍ਹ**


ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ

**ਕੰਵਲਜੀਤ ਕੌਰ**

ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ¢ ਇਸ ਧਰਤੀ ਨੇ ਅਜਿਹੇ ਸੂਰਮਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖ਼ਾਤਰ ਹੱਸਦਿਆਂ-ਹੱਸਦਿਆਂ ਆਪਣੀਆਂ ਜਾਨਾਂ ਵਾਰ ਦਿੱਤੀਆਂ। ਫ਼ਾਂਸੀ ਚੜ੍ਹਨ ਲੱਗਿਆਂ ਫ਼ਾਸੀ ਦੇ ਰੱਸੇ ਨੂੰ ਚੁੰਮਦਿਆਂ ਆਪਣੇ ਗਲ ਵਿਚ ਆਪਣੇ ਹੱਥੀਂ ਆਪ ਪਾਇਆ ਅਤੇ ਮੌਤ ਨੂੰ ਮੌਤ ਨਾ ਸਮਝ ਲਾੜੀ ਸਮਝਿਆ। ਇਹੋ ਜਿਹੇ ਸ਼ਹੀਦਾਂ ਵਿਚੋਂ ਹੀ ਇਕ ਸੀ ਸ਼ਹੀਦ ਊਧਮ ਸਿੰਘ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਸੁਨਾਮ (ਪੰਜਾਬ) ਵਿਚ ਸ: ਟਹਿਲ ਸਿੰਘ ਦੇ ਘਰ ਹੋਇਆ। ਸ: ਟਹਿਲ ਸਿੰਘ ਰੇਲਵੇ ਫਾਟਕ 'ਤੇ ਡਿਊਟੀ ਕਰਦਾ ਸੀ। ਊਧਮ ਸਿੰਘ ਦੇ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ ਅਤੇ ਉਸ ਦਾ ਇਕ ਭਰਾ ਮੁਕਤਾ ਸਿੰਘ ਸੀ। ਸ਼ੇਰ ਸਿੰਘ ਅਤੇ ਉਸ ਦੇ ਭਰਾ 'ਤੇ ਮੁਸੀਬਤਾਂ ਦਾ ਪਹਾੜ ਉਸ ਵੇਲੇ ਡਿੱਗਾ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਬਚਪਨ ਵਿਚ ਹੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਸ਼ੇਰ ਸਿੰਘ ਦੀ ਉਮਰ ਕੇਵਲ 7 ਸਾਲ ਸੀ¢ 24 ਅਕਤੂਬਰ, 1907 ਨੂੰ ਸ਼ੇਰ ਸਿੰਘ ਅਤੇ ਉਸ ਦਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਯਤੀਮਖਾਨੇ ਪਹੁੰਚ ਗਏ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸ਼ੇਰ ਸਿੰਘ ਦਾ ਨਾਂਅ ਬਦਲ ਕੇ ਊਧਮ ਸਿੰਘ ਅਤੇ ਮੁਕਤਾ ਸਿੰਘ ਦਾ ਨਾਂਅ ਬਦਲ ਕੇ ਸਾਧੂ ਸਿੰਘ ਰੱਖ ਦਿੱਤਾ ਗਿਆ। ਦੁਨੀਆ ਵਿਚ ਮੌਜੂਦ ਖੂਨ ਦਾ ਇਕੋ-ਇਕ ਰਿਸ਼ਤਾ ਵੀ ਉਸ ਵੇਲੇ ਖ਼ਤਮ ਹੋ ਗਿਆ ਜਦੋਂ 1917 ਵਿਚ ਸਾਧੂ ਸਿੰਘ ਦੀ ਮੌਤ ਹੋ ਗਈ।



13 ਅਪ੍ਰੈਲ, 1919 ਈ. ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਹੱਥੇ ਲੋਕਾਂ ਦੇ ਭਾਰੀ ਇਕੱਠ ਉੱਪਰ ਜਨਰਲ ਰੀਜਨਲਡ ਐਡਵਰ ਹੈਰੀ ਡਾਇਰ ਦੁਆਰਾ ਅੰਨ੍ਹੇਵਾਹ ਗੋਲੀਆਂ ਦੀ ਬੁਛਾਰ ਕੀਤੀ ਗਈ। ਇਸ ਇਕੱਠ ਵਿਚ ਸ਼ਾਮਿਲ ਮਾਸੂਮ ਬੱਚੇ, ਬਜ਼ੁਰਗ, ਮਰਦ ਅਤੇ ਔਰਤਾਂ ਵਿਚ ਗੋਲੀਆਂ ਚੱਲਣ ਕਾਰਨ ਭੱਜ-ਦੌੜ ਮਚ ਗਈ। ਤਰਾਸਦੀ ਇਹ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਇਕ ਹੀ ਦਰਵਾਜ਼ਾ ਹੋਣ ਕਾਰਨ ਲੋਕ ਆਪਣੀਆਂ ਜਾਨਾਂ ਨਾ ਬਚਾਅ ਪਾਏ। ਬਹੁਤ ਸਾਰੇ ਲੋਕਾਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆ ਅਤੇ ਇਕ ਹਜ਼ਾਰ ਤੋਂ ਵੱਧ ਮਜ਼ਲੂਮ ਲੋਕ ਗੋਲੀਆਂ ਦਾ ਸ਼ਿਕਾਰ ਹੋ ਗਏ। ਜਲ੍ਹਿਆਂਵਾਲੇ ਬਾਗ ਦੀਆਂ ਕੰਧਾਂ 'ਤੇ ਮੌਜੂਦ ਗੋਲੀਆਂ ਦੇ ਨਿਸ਼ਾਨ ਅੱਜ ਵੀ ਉਸ ਦਿਲ-ਕੰਬਾਊ ਘਟਨਾ ਦਾ ਪ੍ਰਤੱਖ ਪ੍ਰਮਾਣ ਹਨ। ਇਸ ਅਣਮਨੁੱਖੀ ਘਟਨਾ ਦੀ ਖਬਰ ਜੰਗਲ ਦੀ ਅੱਗ ਵਾਂਗ ਚਾਰ-ਚੁਫ਼ੇਰੇ ਫੈਲਣ ਦੇ ਨਾਲ-ਨਾਲ ਸੱਤ ਸਮੁੰਦਰ ਪਾਰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚ ਗਈ। ਇਸ ਮੰਦਭਾਗੀ ਘਟਨਾ ਦੇ ਕਾਰਨ ਨੌਜਵਾਨ ਵਰਗ ਵਿਚ ਬਗ਼ਾਵਤ ਦੀ ਲਹਿਰ ਹੋਰ ਜ਼ੋਰ ਫੜ ਗਈ। ਇਨ੍ਹਾਂ ਨੌਜਵਾਨਾਂ ਵਿਚੋਂ ਹੀ ਇਕ ਨਾਂਅ ਸ਼ਹੀਦ ਊਧਮ ਸਿੰਘ ਦਾ ਸੀ, ਜਿਸ ਦੇ ਦਿਲ-ਦਿਮਾਗ 'ਤੇ ਇਸ ਘਟਨਾ ਨੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬਦਲੇ ਦੀ ਚਿਣਗ ਨੂੰ ਦਿਲ ਵਿਚ ਲੈ ਆਜ਼ਾਦੀ ਦੇ ਰਾਹ 'ਤੇ ਤੁਰ ਪਿਆ।

1920 ਵਿਚ ਊਧਮ ਸਿੰਘ ਭਾਰਤ ਨੂੰ ਛੱਡ ਅਮਰੀਕਾ ਚਲਿਆ ਗਿਆ। ਊਧਮ ਸਿੰਘ ਦੇ ਜੀਵਨ ਉੱਪਰ ਸ: ਭਗਤ ਸਿੰਘ ਦਾ ਬਹੁਤ ਜ਼ਿਆਦਾ ਪ੍ਰਭਾਵ ਪਿਆ। ਉਹ ਸ: ਭਗਤ ਸਿੰਘ ਦੀ ਤਰ੍ਹਾਂ ਹੀ ਗਰਮ ਖਿਆਲੀ ਕ੍ਰਾਂਤੀਕਾਰੀ ਸੀ। ਊਧਮ ਸਿੰਘ ਸੰਨ 1924 ਵਿਚ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਿਆ। ਸ: ਭਗਤ ਸਿੰਘ ਦੇ ਕਹਿਣ ਉੱਤੇ 27 ਜੁਲਾਈ, 1927 ਨੂੰ ਊਧਮ ਸਿੰਘ ਆਪਣੇ ਸਾਥੀਆਂ ਅਤੇ ਕੁਝ ਅਸਲ੍ਹੇ ਸਮੇਤ ਭਾਰਤ ਵਾਪਸ ਆ ਗਿਆ। 30 ਅਗਸਤ, 1927 ਨੂੰ ਗੈਰ-ਕਾਨੂਨੀ ਅਸਲ੍ਹਾ ਰੱਖਣ ਦੇ ਦੋਸ਼ ਵਿਚ ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਵਿਚ ਉਸ ਨੂੰ 4 ਸਾਲ ਦੀ ਕੈਦ ਹੋ ਗਈ। ਜਦੋਂ ਭਗਤ ਸਿੰਘ ਨੂੰ ਫ਼ਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜੇਲ੍ਹ ਵਿਚ ਸੀ। ਸੰਨ 1931 ਵਿਚ ਆਪਣੀ ਸਜ਼ਾ ਪੂਰੀ ਕਰ ਜਦੋਂ ਊਧਮ ਸਿੰਘ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ। ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਕੀਤਾ ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ, ਜਿੱਥੇ ਉਸ ਨੇ ਪੇਂਟਰ ਦੀ ਦੁਕਾਨ ਖੋਲ੍ਹੀ। ਇਸ ਦੁਕਾਨ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਂਅ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁੰਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਚੰਗਿਆੜੀ ਜੋ 20 ਸਾਲ ਤੱਕ ਊਧਮ ਸਿੰਘ ਦੇ ਸੀਨੇ ਵਿਚ ਧੁਖਦੀ ਰਹੀ, ਇਕ ਭਿਆਨਕ ਅੱਗ ਦਾ ਰੂਪ ਅਖ਼ਤਿਆਰ ਕਰ ਚੁੱਕੀ ਸੀ।

ਆਖਰਕਾਰ 13 ਮਾਰਚ, 1940 ਨੂੰ ਉਹ ਦਿਨ ਆ ਗਿਆ, ਜਿਸ ਦੀ

ਊਧਮ ਸਿੰਘ 20 ਸਾਲਾਂ ਤੋਂ ਉਡੀਕ ਕਰ ਰਿਹਾ ਸੀ। 13 ਮਾਰਚ, 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿਚ ਸਫ਼ਲ ਹੋਇਆ। ਜਦੋਂ ਮਾਈਕਲ ਅਡਵਾਇਰ ਜੋ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ, ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉੱਪਰ ਦਾਗ਼ ਦਿੱਤੀਆਂ। ਗੋਲੀਆਂ ਲੱਗਣ ਕਾਰਨ ਅਡਵਾਇਰ ਜ਼ਮੀਨ ਉੱਪਰ ਡਿੱਗ ਪਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ¢ ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ, ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਸ਼ਹੀਦ ਊਧਮ ਸਿੰਘ ਦੁਆਰਾ ਮਾਈਕਲ ਅਡਵਾਇਰ ਦਾ ਕਤਲ ਕਰਨ ਤੋਂ ਬਾਅਦ ਆਪਣੇ ਜੁਰਮ ਦਾ ਇਕਬਾਲ ਕਰਨਾ ਉਸ ਦੀ ਸੂਰਬੀਰਤਾ ਦੀ ਨਿਸ਼ਾਨੀ ਸੀ। ਗ੍ਰਿਫ਼ਤਾਰੀ ਸਮੇਂ ਊਧਮ ਸਿੰਘ ਇਹੀ ਕਹਿ ਰਿਹਾ ਸੀ ਕਿ ਉਸ ਨੇ ਆਪਣੇ ਦੇਸ਼ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ।

ਸ਼ਹੀਦ ਊਧਮ ਸਿੰਘ ਵਲੋਂ ਮਾਈਕਲ ਅਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖ਼ਬਾਰ 'ਦੀ ਟਾਈਮਜ਼ ਆਫ ਲੰਡਨ' ਨੇ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ। ਜਰਮਨੀ ਦੇ ਰੇਡੀਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ 'ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਮੁਆਫ਼ ਨਹੀਂ ਕਰਦੇ, ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ।' ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸ਼ੰਸਾ ਕੀਤੀ ਗਈ।

ਪਹਿਲੀ ਅਪ੍ਰੈਲ, 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਅਡਵਾਇਰ ਦੇ ਕਤਲ ਲਈ ਉਸ ਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ, 1940 ਸੈਂਟਰਲ ਕ੍ਰਿਮੀਨਲ ਕੋਰਟ, ਓਲਡ ਬੈਲੇ ਵਿਚ ਜਸਟਿਸ ਐਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਅਡਵਾਇਰ ਦੇ ਕਤਲ ਦਾ ਕਾਰਨ ਪੁੱਛਣ 'ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿੱਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ, 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜੇਲ੍ਹ ਦੇ ਅੰਦਰ ਹੀ ਦਬਾਅ ਦਿੱਤਾ ਗਿਆ।

ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ 31 ਜੁਲਾਈ, 1940 ਨੂੰ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਪਰ ਉਸ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਉਸ ਨੂੰ ਜਿਊਂਦਾ ਰੱਖੇਗੀ। ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਹੈ।

# ਵਿਸਰਦਾ ਜਾਂਦਾ ਵਿਰਸਾ

ਡਾ. ਕੁਲਵੰਤ ਕੌਰ

**ਕਠਪੁਤਲੀਆਂ ਦਾ ਤਮਾਸ਼ਾ** - ਕਠਪੁਤਲੀਆਂ ਦਾ ਤਮਾਸ਼ਾ ਪੁਰਾਣੇ ਸਮੇਂ ਤੋਂ ਹੀ ਪੰਜਾਬ ਦੇ ਗਲੀ ਮੁਹੱਲਿਆਂ ਅਤੇ ਸੱਥਾਂ ਵਿਚ ਖੇਡਿਆ ਜਾਂਦਾ ਰਿਹਾ ਹੈ। ਬੱਚੇ, ਬੁੱਢੇ ਅਤੇ ਜਵਾਨ ਸਭ ਇਨ੍ਹਾਂ ਦਾ ਰਸ ਮਾਣਦੇ ਹਨ। ਮਨੋਰੰਜਨ ਦੇ ਹੋਰ ਅਨੇਕਾਂ ਸਾਧਨ ਪੈਦਾ ਹੋ ਜਾਣ ਕਰਕੇ ਅੱਜਕਲ੍ਹ ਪੁਤਲੀਆਂ ਦਾ ਤਮਾਸ਼ਾ ਭਾਵੇਂ ਪਹਿਲਾਂ ਵਾਂਗ ਮਕਬੂਲ ਨਹੀਂ ਰਿਹਾ ਪਰੰਤੂ ਫਿਰ ਵੀ ਇਹ ਤਮਾਸ਼ਾ ਮਨੋਰੰਜਨ ਦਾ ਇਕ ਵਿਸ਼ੇਸ਼ ਸਾਧਨ ਹੈ। ਕਠਪੁਤਲੀਆਂ ਜਿਵੇਂ ਕਿ ਇਨ੍ਹਾਂ ਦੇ ਨਾਂ ਤੋਂ ਹੀ ਸਪੱਸ਼ਟ ਹੈ : ਕਠ+ਪੁਤਲੀਆਂ, ਭਾਵ ਲੱਕੜੀ ਦੀਆਂ ਪੁਤਲੀਆਂ। ਇਨ੍ਹਾਂ ਦੇ ਨੈਣ-ਨਕਸ਼ ਬੜੇ ਤਿੱਖੇ ਅਤੇ ਉਘੜਵੇਂ ਹੁੰਦੇ ਹਨ। ਪਰ ਪੁਤਲੀ ਦੀ ਪੁਸ਼ਾਕ ਸ਼ੋਖ਼ ਅਤੇ ਭੜਕੀਲੀ ਹੋਣ ਦੇ ਨਾਲ-ਨਾਲ ਉਸ ਦੇ ਚਰਿੱਤਰ ਦੇ ਅਨੁਕੂਲ ਹੁੰਦੀ ਹੈ। ਯੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਫੜੀਆਂ ਹੁੰਦੀਆਂ ਹਨ। ਸੁੰਦਰੀਆਂ ਨੇ ਪੂਰਾ ਸ਼ਿੰਗਾਰ ਕੀਤਾ ਹੁੰਦਾ ਹੈ। ਪੁਤਲੀਆਂ ਦੇ ਨਾਲ ਕਾਲੇ ਰੰਗ ਦੀਆਂ ਡੋਰੀਆਂ ਬੰਨ੍ਹੀਆਂ ਹੁੰਦੀਆਂ ਹਨ। ਪੁਤਲੀਕਾਰ ਡੋਰੀ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਨਚਾਂਦਾ ਹੈ, ਕਲਾਬਾਜ਼ੀਆਂ ਲਗਵਾਉਂਦਾ ਹੈ ਤੇ ਉਨ੍ਹਾਂ ਤੋਂ ਹੋਰ ਵੀ ਕਈ ਤਰ੍ਹਾਂ ਦੇ ਕਰਤਬ ਕਰਵਾਉਂਦਾ ਹੈ। ਆਪਣੀ ਇਸ ਕਲਾ ਨਾਲ ਉਹ ਪੁਤਲੀਆਂ ਵਿਚ ਜਾਨ ਪਾਉਂਦਾ ਹੈ। ਬੱਚੇ ਪੁਤਲੀਆਂ ਦੀਆਂ ਇਨ੍ਹਾਂ ਅਦਾਵਾਂ, ਕਰਤਬਾਂ 'ਤੇ ਢੇਰ ਖੁਸ਼ ਹੁੰਦੇ ਹਨ ਅਤੇ ਖ਼ੂਬ ਤਾੜੀਆਂ ਮਾਰਦੇ ਹਨ।

ਹਰ ਪੁਤਲੀ ਵਿਚ ਇਕ ਜੀਵਨ ਸਮਾਇਆ ਹੁੰਦਾ ਹੈ। ਪੁਤਲੀਆਂ ਜ਼ਿੰਦਗੀ ਦੇ ਕਿਸੇ ਟੋਟੇ ਨੂੰ ਪੂਰੀ ਤਰ੍ਹਾਂ ਬਹੁਰੰਗਤਾ ਤੇ ਹਾਵਾਂ-ਭਾਵਾਂ ਨਾਲ ਰੂਪਮਾਨ ਕਰਦੀਆਂ ਹਨ। ਪੰਜਾਬ ਵਿਚ ਪੁਤਲੀਆਂ ਦਾ ਤਮਾਸ਼ਾ ਕਰਨ ਵਾਲੇ ਬਹੁਤੇ ਪੁਤਲੀਕਾਰ ਤਾਂ ਰਾਜਸਥਾਨ ਵਿਚੋਂ ਆ ਕੇ ਵੱਸੇ ਹੁੰਦੇ ਹਨ ਜਾਂ ਉਨ੍ਹਾਂ ਨੇ ਕਿਸੇ ਰਾਜਸਥਾਨੀ ਕਲਾਕਾਰ ਤੋਂ ਕਲਾ ਸਿੱਖੀ ਹੁੰਦੀ ਹੈ। ਇਸ ਲਈ ਪੁਤਲੀਕਾਰ ਰਾਜਪੂਤਾਂ, ਸੂਰਬੀਰਾਂ ਦੀਆਂ ਦੰਤ-ਕਥਾਵਾਂ ਨੂੰ ਹੀ ਵਧੇਰੇ ਕਰਕੇ ਪੇਸ਼ ਕਰਦੇ ਹਨ ਜਿਵੇਂ ਪ੍ਰਿਥਵੀ ਰਾਜ ਚੌਹਾਨ ਦੀ ਸੰਜੋਗਤਾ ਹਰਨ ਦੀ ਕਥਾ, ਰਾਜਾ ਮਾਨ ਸਿੰਘ ਦੀ ਬੀਰ ਕਥਾ ਆਦਿ। ਪੰਜਾਬ ਵਿਚ ਪੁਤਲੀਕਾਰ ਰੂਪ ਬਸੰਤ, ਮਿਰਜ਼ਾ ਸਾਹਿਬਾਂ ਤੇ ਹੀਰ ਰਾਂਝੇ ਦੀਆਂ ਕਥਾਵਾਂ ਨੂੰ ਬੜੀ ਸੁੱਘੜਤਾ ਨਾਲ ਪੇਸ਼ ਕਰਦੇ ਹਨ। ਰਮਾਇਣ, ਮਹਾਂਭਾਰਤ, ਸਿਕੰਦਰ ਦਾ ਹਮਲਾ, ਰਾਜਾ ਪੋਰਸ ਦੀ ਲੜਾਈ, ਬੀਰਬਲ ਵਜ਼ੀਰ, ਦੁੱਲਾ ਭੱਟੀ ਅਤੇ ਹੋਰ ਕਈ ਗ਼ਦਰ ਆਦਿ ਵੀ ਪੁਤਲੀਆਂ ਤੇ ਤਮਾਸ਼ਿਆਂ ਦੇ ਕੁਝ ਤਾਰੀਖ਼ੀ ਤਮਾਸ਼ੇ ਹਨ ਜਿਨ੍ਹਾਂ ਰਾਹੀਂ ਉਸ ਸਮੇਂ ਦਾ ਪੂਰਾ-ਪੂਰਾ ਇਤਿਹਾਸ ਅਤੇ ਸੱਭਿਆਚਾਰ ਪੇਸ਼ ਕੀਤਾ ਜਾਂਦਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ

**ਕਿਰਪਾਲ ਸਿੰਘ ਰਿਸਰਚ ਸਕਾਲਰ**



ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦੇ ਪ੍ਰਸ਼ਾਸ਼ਨਿਕ ਢਾਂਚੇ ਨੂੰ ਵਿਚਾਰਣ ਤੋਂ ਪਹਿਲਾਂ ਉਸ ਸਮੇਂ ਲੋਕਾਂ ਦੇ ਆਰਥਕ, ਸਮਾਜਿਕ ਅਤੇ ਸੰਬੰਧਿਤ ਖਿੱਤੇ ਦੇ ਰਾਜਨੀਤਿਕ ਪਿਛੋਕੜ ਵੱਲ ਇਕ ਮੁੜਵੀਂ ਝਾਤ ਮਾਰਨੀ ਜ਼ਰੂਰੀ ਹੋ ਜਾਂਦੀ ਹੈ। ਅਹਿਮਦ ਸ਼ਾਹ ਅਬਦਾਲੀ ਦੇ ਲਗਾਤਾਰ ਅੱਠ ਹਮਲਿਆਂ ਨਾਲ ਪੰਜਾਬ ਵਿਚੋਂ ਮੁਗਲਾਂ ਦੀ ਤਾਕਤ ਦਾ ਸਫ਼ਾਇਆ ਹੋ ਗਿਆ ਅਤੇ ਮੀਰ ਮੰਨੂੰ ਆਖਰੀ ਮੁਗਲ ਗਵਰਨਰ ਹੋ ਨਿਬੜਿਆ ਸੀ। ਅਬਦਾਲੀ ਦਾ ਹਰ ਹਮਲਾ ਨਵੀਂ ਬਰਬਾਦੀ ਲੈ ਕੇ ਆਉਂਦਾ। ਇਹ ਹਮਲੇ ਉਸ ਦੀ ਲੁਟੇਰਾ ਨੀਤੀ ਤਹਿਤ ਹੁੰਦੇ ਜਿਸ ਕਰ ਕੇ ਉਸ ਦੇ ਹਮਲਿਆਂ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਆਮ ਲੋਕਾਂ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਵਪਾਰ ਠੱਪ ਹੋ ਕੇ ਰਹਿ ਗਿਆ ਅਤੇ ਕਾਨੂੰਨ ਨਾਂ ਦੀ ਕੋਈ ਚੀਜ਼ ਬਾਕੀ ਨਹੀਂ ਸੀ। ਚੋਰੀ, ਡਕੈਤੀ, ਕਤਲੋਗਾਰਤ ਅਤੇ ਠੱਗੀ-ਠੋਰੀ ਦਾ ਹਰ ਪਾਸੇ ਬੋਲ ਬਾਲਾ ਸੀ। ਪੁਰਾਣੇ ਅਤੇ ਨਵੇਂ ਨਵਾਬ, ਚੌਧਰੀ, ਵੱਡੇ ਜ਼ਿਮੀਂਦਾਰ ਅਤੇ ਮਾਲਦਾਰ ਘਰਾਣੇ ਹਮੇਸ਼ਾ ਹਮਲਾਵਰ ਦੀ ਤਾਬੇਦਾਰੀ ਵਿਚ ਰਹਿੰਦੇ। ਅਜਿਹੀਆਂ ਹਾਲਤਾਂ ਵਿਚ ਸਿੱਖਾਂ ਨੂੰ ਮੁਗ਼ਲਾਂ, ਅਬਦਾਲੀ ਅਤੇ ਉਸ ਦੇ ਪਿੱਠੂਆਂ ਨਾਲ ਕਿ ਤਕੜਾ ਹਥਿਆਰਬੰਦ ਸੰਘਰਸ਼ ਕਰਨਾ ਪਿਆ ਅਤੇ ਉਹ ਆਪਣੇ ਅਮੀਰ ਧਾਰਮਿਕ ਵਿਰਸੇ ਅਤੇ ਆਤਮ ਵਿਸ਼ਵਾਸ ਸਦਕਾ ਇਸ ਵਿਚੋਂ ਜੇਤੂ ਹੋ ਕੇ ਨਿਕਲੇ। ਸਿੱਖਾਂ ਨੇ ਦੂਜੇ ਵੱਡੇ ਘੱਲੂਘਾਰੇ ਵਿਚ ਭਾਰੀ ਨੁਕਸਾਨ ਕਰਵਾਉਣ ਤੋਂ ਬਾਅਦ ਵੀ ਹਾਰ ਨਹੀਂ ਮੰਨੀ ਅਤੇ ਗੁਰੀਲਾ ਯੁੱਧ ਨੀਤੀ ਤਹਿਤ ਮੁਗਲੀਆ ਅਤੇ ਅਫਗਾਨ ਤਾਕਤਾਂ ਵਿਰੁੱਧ ਹਥਿਆਰਬੰਦ ਸੰਘਰਸ਼ ਜਾਰੀ ਰੱਖਿਆ, ਜਿਸ ਕਰਕੇ ਅਬਦਾਲੀ ਨੇ ਅੱਠਵੇਂ ਹਮਲੇ ਤੋਂ ਬਾਅਦ ਕਦੇ ਵੀ ਪੰਜਾਬ ਵੱਲ ਦੁਬਾਰਾ ਮੂੰਹ ਕਰਨ ਦਾ ਹੀਆ ਨਾ ਕੀਤਾ।

ਜਦੋਂ ਸਿੱਖ ਮਿਸਲਾਂ ਦਾ ਦੌਰ ਆਇਆ ਉਦੋਂ ਹਰ ਮਿਸਲ ਨੇ ਆਪਣੇ ਕਬਜ਼ੇ ਹੇਠਲੇ ਇਲਾਕੇ ਵਿਚ ਕਾਨੂੰਨ ਅਤੇ ਪ੍ਰਸ਼ਾਸ਼ਨਿਕ ਵਿਵਸਥਾ ਆਪੋ ਆਪਣੇ ਢੰਗ ਨਾਲ ਲਾਗੂ ਕੀਤੀ ਪਰ ਬੁਨਿਆਦੀ ਢਾਂਚਾ ਮੁਗਲਾਂ ਵਾਲਾ ਹੀ ਰਿਹਾ। ਮਿਸਲ ਦੇ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਮਿਸਲਦਾਰ ਜਾਂ ਉਸ ਦੇ ਮੁੱਖੀ ਦੀ ਹੁੰਦੀ ਪਰ ਹੇਠਲੇ ਪੱਧਰ ਤੋਂ ਪਿੰਡਾਂ ਦੇ ਚੌਂਕੀਦਾਰ ਅਤੇ ਨੰਬਰਦਾਰ ਹੀ ਇਕ ਤਰ੍ਹਾਂ ਦੇ ਮੁੱਢਲੇ ਪ੍ਰਸਾਸ਼ਨਿਕ ਅਧਿਕਾਰੀ ਹੁੰਦੇ ਅਤੇ ਪਟਵਾਰੀਆਂ ਪਾਸ ਜ਼ਮੀਨੀ ਬੰਦੋਬਸਤ ਅਤੇ ਮਾਲੀਏ ਨਾਲ ਸੰਬੰਧਤ ਕੰਮ ਹੁੰਦੇ। ਹਰ ਪਿੰਡ ਵਿਚ ਪੰਚਾਇਤ ਹੁੰਦੀ ਅਤੇ ਉਸ ਦੇ ਮੈਂਬਰਾਂ ਦੀ ਨਿਯੁਕਤੀ ਜਾਂ ਚੋਣ ਪਿੰਡ ਦੇ ਲੋਕਾਂ ਵੱਲੋਂ ਸਰਬਸੰਮਤੀ ਨਾਲ ਕੀਤੀ ਜਾਂਦੀ। ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਪੰਚਾਇਤਾਂ ਅੱਡ-ਅੱਡ ਹੁੰਦੀਆਂ ਸਨ ਅਤੇ ਉਹ ਆਪਸੀ ਸਥਾਨਕ ਮਸਲੇ ਆਸਾਨੀ ਨਾਲ ਹੱਲ ਕਰ ਲੈਂਦੀਆਂ। ਮਿਸਲਾਂ ਦੇ ਆਉਣ ਨਾਲ ਇਨ੍ਹਾਂ ਦੇ ਕੰਮਾਂ ਵਿਚ ਬਹੁਤ ਸੁਧਾਰ ਹੋਇਆ ਅਤੇ ਤਕੜੇ ਵਿਅਕਤੀਆਂ ਵੱਲੋਂ ਮਾੜਿਆਂ ਇਲਾਕਿਆਂ ਵਿਚ ਨਿਆਂਇਕ ਵਿਵਸਥਾ ਨੂੰ ਸੁਚਾਰੂ ਬਣਾਇਆ। ਧਰਮ ਦੇ ਨਾਂ 'ਤੇ ਹੁੰਦੇ ਵਿਤਕਰੇ ਬੰਦ ਹੋ ਗਏ ਅਤੇ ਪ੍ਰਸਾਸ਼ਨਿਕ ਪ੍ਰਬੰਧ ਹੋਣ ਕਰਕੇ ਲੋਕ ਸੁਰੱਖਿਅਤ ਮਹਿਸੂਸ ਕਰਨ ਲੱਗੇ ਪਰ ਮਹਾਰਾਜਾ ਰਣਜੀਤ ਸਿੰਘ ਦੇ ਉਭਾਰ ਸਮੇਂ ਇਨ੍ਹਾਂ ਵਿਚੋਂ ਕੁਝ ਇਕ ਨੂੰ ਛੱਡ ਕੇ ਬਾਕੀਆਂ ਦੇ ਕੰਮਾਂਕਾਰਾਂ ਦੀ ਕੁਸ਼ਲਤਾ ਅਤੇ ਲੋਕਾਂ ਪ੍ਰਤੀ ਰਵੱਈਏ ਵਿਚ ਕਾਫੀ ਗਿਰਾਵਟ ਆ ਗਈ ਸੀ।

**ਮਹਾਰਾਜਾ ਖ਼ਾਲਸਾ ਰਾਜ ਦਾ ਸੰਸਥਾਪਤ ਅਤੇ ਮੁਖੀ -** ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਮਿਸਲਾਂ ਨੂੰ ਇਕ ਸ਼ਕਤੀਸ਼ਾਲੀ ਸਿੱਖ ਰਾਜ ਦਾ ਰੂਪ ਦਿੱਤਾ ਉਦੋਂ ਉਸ ਨੂੰ ਬਹੁ-ਕੌਮੀ ਸਾਮਰਾਜ ਨੂੰ ਸੁਚਾਰੂ ਰੂਪ ਨਾਲ ਚਲਾਉਣ ਵਾਸਤੇ ਪ੍ਰਸਾਸ਼ਨਿਕ ਢਾਂਚੇ ਨੂੰ ਦੁਬਾਰਾ ਸਿਰਜਣ ਦੀ ਲੋੜ ਪਈ। ਇਸ ਨੂੰ ਉਸ ਨੇ ਹੌਲੀ-ਹੌਲੀ ਅਮਲ ਵਿਚ ਲਿਆਂਦਾ। ਬੇਸ਼ੱਕ ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਸੀ ਪਰ ਉਹ ਇਕ ਸੁਲਝੇ ਹੋਏ ਦਿਮਾਗ਼ ਦਾ ਮਾਲਕ ਵੀ ਸੀ। ਉਸ ਨੇ ਖ਼ਾਲਸਾ ਰਾਜ ਦੀਆਂ ਔਕੜਾਂ ਅਤੇ ਮੁਸ਼ਕਲਾਂ ਨੂੰ ਯੋਗ ਅਤੇ ਸੁਲਝੇ ਢੰਗ ਨਾਲ ਨਜਿੱਠਣ ਵਾਸਤੇ ਹਰ ਉਸ ਯੋਗ ਆਦਮੀ ਪਾਸੋਂ ਸਹਾਇਤਾ

ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਭਾਵੇਂ ਉਹ ਕਿਸੇ ਵੀ ਧਰਮ, ਕੌਮ ਜਾਂ ਨਸਲ ਨਾਲ ਸਬੰਧਿਤ ਸੀ। ਆਮ ਲੋਕਾਂ ਨੂੰ ਸੁਖੀ ਰੱਖਣਾ ਅਤੇ ਦੇਸ਼ ਨੂੰ ਵਿਦੇਸ਼ੀ ਜਰਵਾਨਿਆਂ ਤੋਂ ਮੁਕਤੀ ਦਿਵਾਉਣਾ ਉਸ ਦੇ ਪ੍ਰਮੁੱਖ ਉਦੇਸ਼ ਸਨ। ਉਸਨੇ ਮੁਗਲਾਂ ਦੀਆਂ ਪ੍ਰਚਲਿਤ ਚੰਗੀਆਂ ਵਿਵਸਥਾਵਾਂ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ ਅਤੇ ਜਿਥੇ ਜ਼ਰੂਰੀ ਹੋਇਆ ਉਥੇ ਸੁਧਾਰ ਵੀ ਕੀਤੇ। ਉਸਨੇ ਪ੍ਰਸਾਸ਼ਨਿਕ ਕੰਮਾਂ ਵਿਚ ਆਪਣੀ ਦਖਲਅੰਦਾਜ਼ੀ ਸੀਮਤ ਰੱਖੀ। ਉਸਦੀ ਸਰਕਾਰ "ਖ਼ਾਲਸੇ ਦੀ ਸਰਕਾਰ" ਦੇ ਨਾਂ ਨਾਲ ਪ੍ਰਸਿੱਧ ਸੀ। ਉਸਦੇ ਪ੍ਰਚੱਲਿਤ ਸਿੱਕਿਆਂ ਉੱਤੇ 'ਨਾਨਕ ਸਹਾਏ' ਅਤੇ 'ਗੋਬਿੰਦ ਸਹਾਏ' ਉਕਰਿਆ ਹੁੰਦਾ ਸੀ। ਉਹ ਆਪਣੇ ਆਪ ਨੂੰ ਗੁਰੂ ਦੇ ਨਗਾਰਚੀ ਤੋਂ ਵੱਧ ਨਾ ਸਮਝਦਾ, ਨਾ ਹੀ ਬਾਦਸ਼ਾਹਾਂ ਵਰਗੀਆਂ ਪੁਸ਼ਾਕਾਂ ਪਹਿਨਦਾ ਅਤੇ ਨਾ ਹੀ ਕੋਈ ਤਖ਼ਤ ਜਾਂ ਰਾਜ ਸਜਾ ਕੇ ਬੈਠਦਾ। ਉਸ ਦੇ ਰਹਿਣ ਸਹਿਣ ਅਤੇ ਬੋਲਚਾਲ ਦੇ ਢੰਗ ਨਾਲ ਨਿਮਰਤਾ ਅਤੇ ਸਾਦਗੀ ਸੀ ਅਤੇ ਜਦੋਂ ਉਹ ਕਿਸੇ ਗੰਭੀਰ ਮਸਲੇ ਵਿਚ ਫਸ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਂਦਾ ਪਰ ਉਹ ਕੱਟੜ ਜਾਂ ਮੂਲਵਾਦੀ ਵੀ ਨਹੀਂ ਸੀ। ਮਹਾਰਾਜਾ ਪੂਰਨ ਤੌਰ 'ਤੇ ਖੁਦ-ਮੁਖਤਾਰ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਖ਼ਾਲਸੇ ਦਾ ਨਿਮਾਣਾ ਜਿਹਾ ਸੇਵਕ ਦੱਸਦਾ। ਉਸ ਨੇ ਲੋਕਾਂ ਉੱਤੇ ਕਿਸੇ ਕਿਸਮ ਦੀ ਧਾਰਮਿਕ ਜਾਂ ਆਰਥਿਕ ਸਖ਼ਤਾਈ ਨਹੀਂ ਕੀਤੀ ਅਤੇ ਉਸ ਦਾ ਹਕੂਮਤ ਕਰਨ ਦਾ ਤਰੀਕਾ ਬਹੁਤ ਸਰਲ ਅਤੇ ਆਮ ਜਨਤਾ ਦੇ ਸਮਝ ਵਿਚ ਆਉਣ ਵਾਲਾ ਸੀ।

**ਮੰਤਰੀ ਪ੍ਰੀਸ਼ਦ** - ਮਹਾਰਾਜਾ ਮਹੱਤਵਪੂਰਨ ਫੈਸਲੇ ਭਾਵੇਂ ਖੁਦ ਕਰਦਾ ਸੀ ਅਤੇ ਉਸ ਦੀ ਹੀ ਰਾਇ ਅੰਤਿਮ ਹੁੰਦੀ ਸੀ ਪਰ ਉਸ ਨੇ ਰਾਜ-ਭਾਗ ਨੂੰ ਸੁਚਾਰੂ ਰੂਪ ਨਾਲਚਲਾਉਣ ਵਾਸਤੇ ਕਈ ਕਾਬਲ ਵਿਅਕਤੀ ਵਜ਼ੀਰ ਅਤੇ ਸਲਾਹਕਾਰ ਦੇ ਤੌਰ 'ਤੇ ਵੀ ਨਿਯੁਕਤ ਕੀਤੇ ਹੋਏ ਸਨ। ਉਸ ਦੇ ਦਰਬਾਰ ਵਿਚ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ, ਮੁੱਖ ਸੈਨਾਪਤੀ ਜਾਂ ਯੁੱਧ ਮੰਤਰੀ, ਵਿੱਤ ਮੰਤਰੀ ਅਤੇ ਗ੍ਰਹਿ ਮੰਤਰੀ ਜਾਂ ਡਿਉਢੀਵਾਲਾ ਆਦਿ ਪ੍ਰਮੁੱਖ ਸਨ। ਇਹ ਸਾਰੇ ਵਜ਼ੀਰ ਮਹਾਰਾਜੇ ਅੱਗੇ ਸਿੱਧੇ ਤੌਰ 'ਤੇ ਜਵਾਬਦੇਹ ਹੁੰਦੇ ਸਨ। ਮਹਾਰਾਜਾ ਲੋੜ ਪੈਣ 'ਤੇ ਹੀ ਇਹਨਾਂ ਨਾਲ ਸਲਾਹ-ਮਸ਼ਵਰਾ ਕਰਦਾ ਸੀ।

**ਪ੍ਰਧਾਨ ਮੰਤਰੀ** - ਕੇਂਦਰੀ ਮਾਮਲਿਆਂ ਵਿਚ ਪ੍ਰਧਾਨ ਮੰਤਰੀ ਦੀ ਭੂਮਿਕਾ ਅਹਿਮ ਮੰਨੀ ਜਾਂਦੀ ਸੀ। ਉਹ ਮਹਾਰਾਜੇ ਦੀ ਗ਼ੈਰ ਹਾਜ਼ਰੀ ਵਿਚ ਕੇਂਦਰ ਦੇ ਸਾਰੇ ਕੰਮਾਂਕਾਰਾਂ ਦੀ ਜ਼ਿੰਮੇਵਾਰੀ ਸੰਭਾਲਦਾ। ਮਹਾਰਾਜੇ ਪਾਸ ਵਿਚਾਰ ਹਿੱਤ ਆਉਂਦੇ ਹਰ ਪ੍ਰਕਾਰ ਦੇ ਦੇਸੀ ਅਤੇ ਵਿਦੇਸ਼ੀ ਮਸਲਿਆਂ ਬਾਬਤ ਆਦਮੀ ਅਤੇ ਚਿੱਠੀ-ਪੱਤਰ ਉਸ ਵੱਲੋਂ ਪਹਿਲਾਂ ਵਾਚ ਲਏ ਜਾਂਦੇ। ਕਈ ਵਾਰ ਉਹ ਮਹੱਤਵਪੂਰਨ ਮੁਕੱਦਮਿਆਂ ਦੇ ਅੰਤਮ ਫੈਸਲੇ ਦੀ ਪ੍ਰਾਪਤੀ ਲਈ ਮਹਾਰਾਜੇ ਪਾਸ ਸੰਬੰਧਿਤ ਮਾਮਲੇ ਖੁਦ ਲੈ ਕੇ ਜਾਂਦਾ। ਪ੍ਰਧਾਨ ਮੰਤਰੀ ਮਹਾਰਾਜੇ ਦੇ ਨਿਕਟ ਅਤੇ ਘਰੇਲੂ ਕੰਮਾਂਕਾਰਾਂ ਦਾ ਵੀ ਨਿਪਟਾਰਾ ਕਰਦਾ ਅਤੇ ਕੇਂਦਰੀ ਪ੍ਰਸਾਸ਼ਨ ਦੇ ਅਹਿਮ ਕੰਮਾਂ ਵਿਚ ਹਿੱਸਾ ਵੀ ਲੈਂਦਾ। ਮਹਾਰਾਜਾ ਰਣਜੀਤ ਸਿੰਘ ਨੇ ਪ੍ਰਧਾਨ ਮੰਤਰੀ ਦੀ ਪਦਵੀ ਰਾਜਾ ਧਿਆਨ ਸਿੰਘ ਡੋਗਰੇ ਨੂੰ ਦਿੱਤੀ ਹੋਈ ਸੀ। ਇਹ ਤਨਖਾਹਦਾਰ ਮੁਲਾਜ਼ਿਮ ਹੁੰਦਾ ਸੀ।

**ਵਿਦੇਸ਼ ਮੰਤਰੀ** - ਪ੍ਰਧਾਨ ਮੰਤਰੀ ਤੋਂ ਬਾਅਦ ਵਿਦੇਸ਼ ਮੰਤਰੀ ਦਾ ਅਹੁਦਾ ਮਹੱਤਵਪੂਰਨ ਮੰਨਿਆ ਜਾਂਦਾ ਸੀ। ਇਸ ਦਾ ਕੰਮ ਰਾਜ ਦੇ ਵਿਦੇਸ਼ੀ ਮਾਮਲਿਆਂ ਨਾਲ ਸੰਬੰਧਿਤ ਸੀ। ਉਹ ਵਿਦੇਸ਼ੀ ਤਾਕਤਾਂ ਨਾਲ ਯੁੱਧ ਜਾਂ ਸਮਝੌਤਾ ਸਫ਼ਾਈ ਆਦਿ ਦੇ ਵਿਸ਼ਿਆਂ ਬਾਬਤ ਮਹਾਰਾਜੇ ਨੂੰ ਸਲਾਹ ਦਿੰਦਾ। ਦੂਜੇ ਰਾਜਾਂ ਵਿਚ ਦੂਤਾਂ ਨੂੰ ਭੇਜਣ ਸਮੇਂ ਮਹਾਰਾਜਾ ਇਸ ਨਾਲ ਸਲਾਹ-ਮਸ਼ਵਰਾ ਕਰਦਾ। ਮਹਾਰਾਜਾ ਰਣਜੀਤ ਸਿੰਘ ਨੇ ਇਸ ਅਹੁਦੇ ਉਤੇ ਫਕੀਰ ਅਜ਼ੀਜ਼ੁਦੀਨ ਨੂੰ ਨਿਯੁਕਤ ਕੀਤਾ ਹੋਇਆ ਸੀ, ਜਿਸ ਦੇ ਵਕਤ ਆਉਣ 'ਤੇ ਲਾਹੌਰ ਦਰਬਾਰ ਦੀ ਵਿਦੇਸ਼ ਨੀਤੀ ਦੀ ਜ਼ਿੰਮੇਵਾਰੀ ਨੂੰ ਬਹੁਤ ਸੁਹਿਰਦਤਾ ਨਾਲ ਨਿਭਾਇਆ। ਅਜ਼ੀਜ਼ੁਦੀਨ ਦੀ ਸਲਾਹ ਨਾਲ ਹੀ ਮਹਾਰਾਜੇ ਨੇ ਸੰਨ 1807 ਵਿਚ ਕਸੂਰ ਨੂੰ ਆਪਣੇ ਰਾਜ ਦਾ ਹਿੱਸਾ ਬਣਾਇਆ। ਸੰਨ 1809 ਵਿਚ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦੀ ਸੰਧੀ ਅਤੇ ਫਿਰ 1839 ਵਿਚ ਤਿੰਨ ਪੱਖੀ ਸਮਝੌਤੇ ਵਿਚ ਉਸ ਨੇ ਬਹੁਤ ਅਹਿਮ ਭੂਮਿਕਾ ਨਿਭਾਈ। ਮਹਾਰਾਜਾ ਰਣਜੀਤ ਸਿੰਘ ਦੀ ਅਫਗਾਨ ਨੀਤੀ ਵੀ ਫ਼ਕੀਰ ਅਜ਼ੀਜ਼ੁਦੀਨ ਦੀ ਦੇਣ ਸੀ। ਮਹਾਰਾਜਾ ਰਣਜੀਤ ਸਿੰਘ ਉੱਤੇ ਫ਼ਕੀਰ ਅਜ਼ੀਜ਼ੁਦੀਨ ਦਾ ਇਥੋਂ ਤੱਕ ਅਸਰ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਅੰਤਲੇ ਸਮੇਂ ਉਸ ਦਾ ਸਲਾਹ ਮੰਨ ਕੇ ਆਪਣੇ ਪੁੱਤਰ ਖੜਕ ਸਿੰਘ ਨੂੰ ਪੰਜਾਬ ਦਾ ਹਾਕਮ ਘੋਸ਼ਿਤ ਕੀਤਾ ਸੀ। ਇਹ ਵਾਕਿਆ 21 ਜੂਨ, 1839 ਦਾ ਹੈ ਅਤੇ ਇਸ ਤੋਂ ਠੀਕ ਇਕ ਹਫ਼ਤੇ ਬਾਅਦ ਮਹਾਰਾਜਾ 27 ਜੂਨ, 1839 ਨੂੰ ਅਕਾਲ ਚਲਾਣਾ ਕਰ ਗਏ ਸਨ।

**ਮੁੱਖ ਸੈਨਾਪਤੀ** - ਮਹਾਰਾਜੇ ਦਾ ਰੱਖਿਆ ਮੰਤਰੀ ਜਾਂ ਮੁੱਖ ਸੈਨਾਪਤੀ ਉਸ ਦੇ ਦਰਬਾਰ ਦਾ ਇਕ ਵਿਸ਼ੇਸ਼ ਮਹੱਤਵ ਵਾਲਾ ਵਿਅਕਤੀ ਮੰਨਿਆ ਜਾਂਦਾ ਸੀ, ਜਿਸ ਦੇ ਮੋਢਿਆਂ ਉੱਤੇ ਸਾਮਰਾਜ ਦੀ ਸੁਰੱਖਿਆ ਦਾ ਭਾਰ ਹੁੰਦਾ ਸੀ। ਫ਼ੌਜ ਵਿਚ ਸੈਨਿਕਾਂ ਦੀ ਭਰਤੀ, ਨਿਯੁਕਤੀ ਅਤੇ ਤੈਨਾਤੀ ਦੇ ਕੰਮਾਂ ਤੋਂ ਇਲਾਵਾ ਉਹ ਯੁੱਧ ਸਮੇਂ ਸੈਨਾ ਦੀ ਅਗਵਾਈ ਵੀ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਸਰਦਾਰ ਹਰੀ ਸਿੰਘ ਨਲਵਾ, ਦੀਵਾਨ ਮੋਹਕਮ ਚੰਦ ਅਤੇ ਮਿਸਰ ਦੀਵਾਨ ਚੰਦ ਬਹੁਤ ਮਸ਼ਹੂਰ ਅਤੇ ਅਹਿਮ ਸੈਨਾਪਤੀ ਹੋਏ ਸਨ। ਇਨ੍ਹਾਂ ਤੋਂ ਇਲਾਵਾ ਅਕਾਲੀ ਫੂਲਾ ਸਿੰਘ ਦਾ ਵਿਸ਼ੇਸ਼ ਦਰਜਾ ਸੀ ਅਤੇ ਉਹ ਮਹਾਰਾਜੇ ਪਾਸੋਂ ਤਨਖਾਹ ਵਗੈਰਾ ਨਹੀਂ ਲੈਂਦਾ ਸੀ।

**ਵਿੱਤ ਮੰਤਰਾਲਾ** - ਰਾਜ ਦੀ ਆਮਦਨ ਅਤੇ ਖਰਚ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਮਹਾਰਾਜੇ ਨੇ ਵਿੱਤ ਮੰਤਰਾਲਾ ਕਾਇਮ ਕੀਤਾ ਹੋਇਆ ਸੀ। ਸੰਨ 1809 ਵਿਚ ਭਵਾਨੀ ਦਾਸ ਨੂੰ ਇਸ ਦਾ ਮੰਤਰੀ ਨਿਯੁਕਤ ਕੀਤਾ ਗਿਆ ਸੀ। ਦੀਵਾਨ ਭਵਾਨੀ ਦਾਸ ਯੋਗ ਪ੍ਰਬੰਧਕ ਅਤੇ ਵਿੱਤੀ ਮਾਮਲਿਆਂ ਵਿਚ ਮਾਹਰ ਵਿਅਕਤੀ ਸਮਝਿਆ ਜਾਂਦਾ ਸੀ। ਉਹ ਪਹਿਲਾਂ ਅਫਗਾਨਿਸਤਾਨ ਵਿਚ ਸ਼ਾਹ ਸ਼ੁਜਾਹ ਪਾਸ ਮਾਲ ਵਿਭਾਗ ਦੇ ਮੁਖੀ ਦੇ ਤੌਰ 'ਤੇ ਤੈਨਾਤ ਸੀ। ਉਸ ਨੇ ਖ਼ਾਲਸਾ ਰਾਜ ਦੀ ਆਮਦਨੀ ਦੇ ਸਾਧਨਾਂ ਨੂੰ ਨਿਯਮਬੱਧ ਕੀਤਾ ਅਤੇ ਇਕ ਨਵੀਂ ਲਗਾਨ ਪ੍ਰਣਾਲੀ ਸ਼ੁਰੂ ਕੀਤੀ, ਜਿਸ ਦੀ ਬਹੁਤ ਪ੍ਰਸ਼ੰਸ਼ਾ ਹੋਈ। ਉਸ ਨੇ ਰਾਜ ਦੀ ਸਾਰੀ ਆਮਦਨ ਅਤੇ ਖਰਚ ਦੇ ਲੇਖੇ-ਜੋਖੇ ਦੇ ਤਰੀਕੇ ਨੂੰ ਸਰਲ ਬਣਾਇਆ। ਭਵਾਨੀ ਦਾਸ ਮਗਰੋਂ ਦੀਵਾਨ ਦੀਨਾ ਨਾਥ ਵਿੱਤ ਮੰਤਰੀ ਬਣਿਆ। ਦੀਵਾਨ ਕਰਮ ਚੰਦ ਨੇ ਵੀ ਕਝ ਚਿਰ ਇਸ ਵਿਭਾਗ ਵਿਚ ਦੀਵਾਨ ਭਵਾਨੀ ਦਾਸ ਦੇ ਤਹਿਤ ਕੰਮ ਕੀਤਾ। ਇਸ ਮੰਤਰਾਲੇ ਵਿਚ ਇਕ ਹੋਰ ਪ੍ਰਸਿੱਧ ਵਿਅਕਤੀ ਦੀਵਾਨ ਗੰਗਾ ਰਾਮ ਸੀ ਜੋ ਪਹਿਲਾਂ ਗਵਾਲੀਅਰ ਦੇ ਮਹਾਰਾਜੇ ਪਾਸ ਨੌਕਰੀ ਕਰਦਾ ਸੀ। ਉਸ ਨੇ

ਪਹਿਲੀ ਵਾਰ ਮਹਾਰਾਜਾ ਰਣਜੀਤ ਸਿੰਘ ਦੇ ਸਰਕਾਰੀ ਕੰਮਾਂਕਾਰਾਂ ਅਤੇ ਕਾਗ਼ਜ਼ਾਂ ਵਿਚੋਂ ਹਿਜਰੀ/ਤੁਰਕੀ ਤਾਰੀਖਾਂ ਨੂੰ ਤਿਆਗ ਕੇ ਹਿੰਦੁਸਤਾਨੀ ਤਿਥੀਆਂ ਨੂੰ ਵਰਤੋਂ ਵਿਚ ਲਿਆਂਦਾ। ਇਸਦੇ ਪਾਸ ਰਾਜ ਦੀ ਸ਼ਾਹੀ ਮੋਹਰ ਵੀ ਹੁੰਦੀ ਸੀ। ਮਹਾਰਾਜੇ ਦੇ ਖਜ਼ਾਨੇ ਦਾ ਮੁੱਖ ਅਧਿਕਾਰੀ ਮਿਸਰ ਬੇਲੀ ਰਾਮ ਸੀ।

**ਡਿਉਢੀਦਾਰ** - ਇਹ ਮਹਾਰਾਜੇ ਦੇ ਸ਼ਾਹੀ ਕਿਲ੍ਹੇ ਦੀ ਸੁਰੱਖਿਆ ਅਮਲੇ ਦਾ ਸਭ ਤੋਂ ਉੱਚਾ ਤਨਖਾਹਦਾਰ ਅਹੁਦੇਦਾਰ ਹੁੰਦਾ ਸੀ। ਇਸ ਦੀ ਨਿਯੁਕਤੀ ਮਹਾਰਾਜੇ ਵੱਲੋਂ ਸਿੱਧੀ ਕੀਤੀ ਜਾਂਦੀ ਸੀ ਕਿਉਂਕਿ ਇਸ ਦਾ ਦਫ਼ਤਰ ਕਿਲ੍ਹੇ ਦੀ ਡਿਉਢੀ ਵਿਚ ਸਥਿਤ ਸੀ, ਇਸ ਕਰਕੇ ਇਸ ਨੂੰ ਡਿਉਢੀਦਾਰ ਕਿਹਾ ਜਾਂਦਾ ਸੀ। ਇਹ ਇਕ ਤਰ੍ਹਾਂ ਮਹਾਰਾਜੇ ਦੀ ਰਿਹਾਇਸ਼ ਦਾ ਨਿੱਜੀ ਸੁਰੱਖਿਆ ਅਧਿਕਾਰੀ ਵੀ ਕਿਹਾ ਜਾ ਸਕਦਾ ਹੈ, ਇਸ ਦੀ ਮਰਜ਼ੀ ਜਾਂ ਆਗਿਆ ਤੋਂ ਬਗੈਰ ਸ਼ਾਹੀ ਕਿਲ੍ਹੇ ਅੰਦਰ ਨਾ ਤਾਂ ਕੋਈ ਜਾ ਸਕਦਾ ਸੀ ਅਤੇ ਨਾ ਹੀ ਕੋਈ ਬਾਹਰ ਆ ਸਕਦਾ ਸੀ। ਹਰ ਰੋਜ਼ ਕਿਲ੍ਹੇ ਅੰਦਰ ਆਉਣ ਜਾਣ ਵਾਲੇ ਮਾਲ ਅਸਬਾਬ ਦੀ ਨਿਗਰਾਨੀ ਬਕਾਇਦਾ ਲਿਖਤ ਪੜ੍ਹਤ ਕਰਕੇ ਰੱਖਣੀ ਵੀ ਇਸ ਦਾ ਮੁੱਖ ਕੰਮ ਸੀ। ਇਸ ਦੀ ਸਹਾਇਤਾ ਲਈ ਦਫ਼ਤਰੀ ਅਮਲਾ ਅਤੇ ਹਥਿਆਰਬੰਦ ਅਮਲਾ ਹਰ ਵੇਲੇ ਤਾਇਨਾਤ ਰਹਿੰਦਾ ਸੀ। ਇਸ ਵਿਅਕਤੀ ਦਾ ਕੰਮ ਸ਼ਾਹੀ ਘਰਾਣੇ ਅਤੇ ਉਸ ਨਾਲ ਸੰਬੰਧਿਤ ਕੰਮਾਂਕਾਰਾਂ ਨੂੰ ਨਿਪਟਾਉਣ ਦਾ ਵੀ ਹੁੰਦਾ ਸੀ। ਵੱਖ-ਵੱਖ ਰਾਜਾਂ ਦੇ ਸ਼ਾਹੀ ਘਰਾਣਿਆਂ, ਸਰਦਾਰਾਂ, ਸ਼ਾਹੀ ਅਹਿਲਕਾਰਾਂ ਅਤੇ ਹੋਰ ਵਿਸ਼ੇਸ਼ ਵਿਅਕਤੀਆਂ ਨਾਲ ਰੋਜ਼-ਰੋਜ਼ ਵਾਹ ਪੈਣ ਕਰਕੇ ਸਰਕਾਰੇ ਦਰਬਾਰੇ ਇਸ਼ ਦੀ ਅਹਿਮੀਅਤ ਬਹੁਤ ਜ਼ਿਆਦਾ ਹੁੰਦਾ ਸੀ ਅਤੇ ਇਸ ਅਹੁਦੇ ’ਤੇ ਤਾਇਨਾਤ ਵਿਅਕਤੀ ਬਹੁਤ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਸੀ। ਇਸ ਕਰਕੇ ਇਸ ਕੰਮ ਦੀ ਜ਼ਿੰਮੇਵਾਰੀ ਮਹਾਰਾਜੇ ਦੇ ਬਹੁਤ ਇਤਬਾਰੀ ਵਿਅਕਤੀ ਨੂੰ ਹੀ ਦਿੱਤੀ ਜਾਂਦੀ ਅਤੇ ਉਸ ਨੂੰ ਸ਼ਾਹੀ ਪਰਿਵਾਰ ਦੇ ਮੈਂਬਰ ਦੇ ਬਰਾਬਰ ਦਾ ਸਨਮਾਨਯੋਗ ਦਰਜਾ ਪ੍ਰਾਪਤ ਹੁੰਦਾ ਸੀ। ਮਹਾਰਾਜੇ ਦੇ ਸ਼ਾਹੀ ਕਿਲ੍ਹੇ ਦੇ ਪ੍ਰਸਿੱਧ ਡਿਉਢੀਦਾਰਾਂ ਵਿਚੋਂ ਜਮਾਂਦਾਰ ਖੁਸ਼ਹਾਲ ਸਿੰਘ ਪ੍ਰਮੁੱਖ ਮੰਨਿਆ ਜਾਂਦਾ ਸੀ। ਉਸ ਤੋਂ ਪਹਿਲਾਂ ਵਸਤੀ ਰਾਮ ਡਿਉਢੀਦਾਰ ਸੀ ਜਿਸ ਨੂੰ ਮਹਾਰਾਜੇ ਨੇ ਸੰਨ 1811 ਵਿਚ ਆਪਣੇ ਕੁਝ ਉੱਚ ਸਰਦਾਰਾਂ ਦੇ ਕਹਿਣ ’ਤੇ ਹਟਾ ਦਿੱਤਾ ਸੀ। ਕੁਝ ਸਮਾਂ ਰਾਜਾ ਧਿਆਨ ਸਿੰਘ ਡੋਗਰਾ ਵੀ ਇਸ ਅਹੁਦੇ ’ਤੇ ਤਾਇਨਾਤ ਰਿਹਾ ਸੀ।



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ ’ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਆਓ ਜਾਣੀਏ !

- ਸੰਪਾਦਕ

1. ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਇਤਿਹਾਸਕ ਯੁੱਧ ਕਿਹੜਾ ਸੀ?
ੳ) ਭੰਗਾਣੀ ਦਾ ਯੁੱਧ ਅ) ਮੁਕਤਸਰ ਦਾ ਯੁੱਧ
ੲ) ਅਨੰਦਪੁਰ ਸਾਹਿਬ ਦਾ ਯੁੱਧ ਸ) ਇਨ੍ਹਾਂ 'ਚੋਂ ਕੋਈ ਨਹੀਂ (ੳ)

2. ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਕਿਸ ਥਾਂ ਤੇ ਲਿਖਿਆ ਸੀ?
ੳ) ਅਨੰਦਪੁਰ ਸਾਹਿਬ ਅ) ਪਟਨਾ ਸਾਹਿਬ
ੲ) ਦੀਨਾ ਕਾਂਗੜ ਸ) ਨਾਂਦੇੜ (ੲ)

3. ਮਹਾਰਾਜਾ ਰਣਜੀਤ ਸਿੰਘ ਸ਼ੁਕਰਚੱਕੀਆ ਮਿਸਲ ਦੇ ਸਨ ਤੇ ਇਸ ਮਿਸਲ ਦਾ ਮੋਢੀ ਉਸ ਦਾ ਦਾਦਾ ਸੀ, ਜਿਸ ਦਾ ਨਾਂ ਕੀ ਸੀ?
ੳ) ਮਹਾਂ ਸਿੰਘ ਅ) ਰਣ ਸਿੰਘ
ੲ) ਚੜ੍ਹਤ ਸਿੰਘ ਸ) ਕਾਨ੍ਹ ਸਿੰਘ (ੲ)

4. ਸੰਨ 1790 ਵਿਚ ਪਿਤਾ ਮਹਾਂ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਰਣਜੀਤ ਸਿੰਘ ਗੱਦੀ ਤੇ ਬੈਠਾ ਤਾਂ ਉਨ੍ਹਾਂ ਦੀ ਉਮਰ ਸੀ?
ੳ) ਅੱਠ ਸਾਲ ਅ) ਨੌਂ ਸਾਲ
ੲ) ਦਸ ਸਾਲ ਸ) ਬਾਰ੍ਹਾਂ ਸਾਲ (ੲ)

5. 1947 ਦੀ ਵੰਡ ਵੇਲੇ ਪੰਜਾਬ ਦਾ ਗਵਰਨਰ ਕੌਣ ਸੀ?
ੳ) ਲਾਰਡ ਮਾਊਂਟ ਬੇਟਲ ਅ) ਲਾਰਡ ਵੇਵਲ
ੲ) ਇਵਾਨ ਜੈਂਕਸਨ ਸ) ਸਰ ਰੈਡਕਲਿਫ (ੲ)

6. ਦੂਜਾ ਐਂਗਲੋ-ਸਿੱਖ ਯੁੱਧ ਕਦੋਂ ਹੋਇਆ?
ੳ) 1847-48 ਅ) 1848-49
ੲ) 1851-52 ਸ) 1857-59 (ਅ)

7. ਸਰਕਾਰੀ ਆਂਕੜਿਆਂ ਮੁਤਾਬਿਕ ਗ਼ਦਰ ਲਹਿਰ ਦੇ ਕਿੰਨੇ ਆਗੂਆਂ ਨੂੰ ਫਾਂਸ਼ੀ ਦਿੱਤੀ ਗਈ?
ੳ) 140 ਅ) 150
ੲ) 160 ਸ) 145 (ਸ)

8. ਤਿੰਨ ਸਾਲ ਦੀ ਉਮਰ ਵਿਚ ਸ਼ਹੀਦ ਕੀਤੇ ਜਾਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਦੇ ਪੁੱਤਰ ਦਾ ਨਾਂ ਕੀ ਸੀ?
ੳ) ਅਭੇ ਸਿੰਘ ਅ) ਅਜੈ ਸਿੰਘ
ੲ) ਬਿਬੇਕ ਸਿੰਘ ਸ) ਵਿਜੈ ਸਿੰਘ (ਅ)

9. ਗੁਰੂ ਤੇਗ ਬਹਾਦਰ ਸਾਹਿਬ ਦਾ ਬਚਪਨ ਦਾ ਨਾਂ ਕੀ ਸੀ?
ੳ) ਤੇਗ ਬਹਾਦਰ ਅ) ਤਿਆਗ ਬਹਾਦਰ
ੲ) ਤਿਆਗ ਮੱਲ ਸ) ਰਾਏ ਬਹਾਦਰ (ੲ)

10. ਮਹਾਰਾਜਾ ਰਣਜੀਤ ਸਿੰਘ ਦਾ ਪਹਿਲਾ ਨਾਂਅ ਕੀ ਸੀ?
ੳ) ਵਿਜੈ ਸਿੰਘ ਅ) ਰਣ ਸਿੰਘ
ੲ) ਬਿਬੇਕ ਸਿੰਘ ਸ) ਬੁੱਧ ਸਿੰਘ (ਸ)

(ਚੱਲਦਾ)

# ਤੀਆਂ/ਸਾਵੇਂ

ਤੀਆਂ ਦੇ ਇਨ੍ਹਾਂ ਦਿਨਾਂ ਵਿਚ ਮੁਟਿਆਰਾਂ, ਕੁੜੀਆਂ-ਚਿੜੀਆਂ, ਨਵ-ਵਿਆਹੀ ਵਹੁਟੀਆਂ ਇਕੱਠੀਆਂ ਹੋ, ਰੰਗ-ਬਿਰੰਗੇ ਕੱਪੜੇ ਪਾ ਕੇ, ਖੀਰ ਤੇ ਮਾਲ੍ਹ ਪੂੜੇ ਖਾਂਦੀਆਂ ਤੇ ਪੀਂਘਾਂ ਝੂਟਦੀਆਂ ਹਨ। ਇਸ ਮਹੀਨੇ ਵਾਰ ਆਪਣੀਆਂ ਭੈਣਾਂ ਨੂੰ ਸਹੁਰੇ ਘਰੋਂ ਪੇਕੇ ਲੈ ਆਉਂਦੇ ਆਉਂਦੇ ਹਨ। ਪੇਕੇ ਘਰ ਵਿਚ ਕੁੜੀ ਇਕ ਵਾਰ ਫਿਰ ਬੰਧਨਾਂਤੋਂ ਮੁਕਤ ਹੋ ਕੇ ਪੂਰੇ ਉਮਾਹ ਤੇ ਜੋਸ਼ ਨਾਲ ਸਹੇਲੀਆਂ ਨਾਲ ਜਾ ਰਲਦੀ ਹੈ। ਜਿਨ੍ਹਾਂ ਭੈਣਾਂ ਦੇ ਭਰਾ ਸੰਧਾਰਾ ਲੈ ਕੇ ਨਹੀਂ ਆਉਂਦੇ ਉਨ੍ਹਾਂ ਨੂੰ ਸੱਸਾਂ ਦੇ ਬੋਲ-ਕਬੋਲ ਸੁਣਨੇ ਪੈਂਦੇ ਹਨ :

**ਤੈਨੂੰ ਤੀਆਂ ਤੇ ਲੈਣ ਨਾ ਆਏ**

**ਨੀ ਬਹੁਤਿਆਂ ਭਰਾਵਾਂ ਵਾਲੀਏ।**

ਜਿਹੜੀ ਲੜਕੀ ਪੇਕੇ ਨਾ ਆ ਸਕੇ ਉਨ੍ਹਾਂ ਨੂੰ ਸਹੁਰੇ ਘਰੀਂ ਹਰ ਕਿਸਮ ਦੀਆਂ ਮਠਿਆਈਆਂ, ਵਸਤਾਂ, 'ਸੰਧਾਰੇ' ਦੀ ਸ਼ਕਲ ਵਿਚ ਭੇਜੀਆਂ ਜਾਂਦੀਆਂ ਹਨ।

ਤੀਆਂ ਦਾ ਤਿਉਹਾਰ ਸਾਉਣ ਮਹੀਨੇ ਮਨਾਇਆ ਜਾਂਦਾ ਹੈ। ਇਸ ਲਈ ਇਸਨੂੰ 'ਸਾਵੇ' ਵੀ ਕਿਹਾ ਜਾਂਦਾ ਹੈ। ਪੰਜਾਬੀ ਸਭਿਆਚਾਰ ਲਈ ਇਹ ਤਿਉਹਾਰ ਵਿਸ਼ੇਸ਼ ਮਹੱਤਾ ਰੱਖਦਾ ਹੈ। ਇਹ ਤਿਉਹਾਰ ਹਿੰਦੂ, ਸਿੱਖ ਹੀ ਨਹੀਂ ਸਗੋਂ ਮੁਸਲਮਾਨ ਵੀ ਮਨਾਉਂਦੇ ਹਨ। ਇਸ ਤਰ੍ਹਾਂ ਇਹ ਤਿਉਹਾਰ ਕੌਮੀ ਏਕਤਾ ਤੇ ਆਪਸੀ ਸਦਭਾਵਨਾ ਦਾ ਪ੍ਰਤੀਕ ਬਣ ਜਾਂਦਾ ਹੈ। ਹਰੀ ਕ੍ਰਾਂਤੀ ਤੇ ਚਿੱਟੀ ਕ੍ਰਾਂਤੀ ਦਾ ਇਹ ਤਿਉਹਾਰ ਸਾਵਣ ਦੀ ਤੀਜ ਤੋਂ ਪੂਰਨਮਾਸ਼ੀ ਤੱਕ ਸਾਰੇ ਪੰਜਾਬ ਵਿਚ ਬੜੇ ਜੋਸ਼ ਤੇ ਹੁਲਾਸਮਈ ਖੇੜਿਆਂ ਨਾਲ ਮਨਾਇਆ ਜਾਂਦਾ ਹੈ। ਇਹ ਮੌਸਮੀ ਤਿਉਹਾਰ ਹੈ ਅਤੇ ਇਸ ਰੁੱਤ ਦਾ ਆਪਣਾ ਵੱਖਰਾ ਹੀ ਸਵਾਦ ਹੈ। ਇਹ ਰੁੱਤ ਜੇਠ, ਹਾੜ ਦੀ ਅਤਿ ਦੀ ਗਰਮੀ ਵਿਚ ਜੌਂਆਂ ਵਾਂਗੂੰ ਭੁੰਨੇ ਤਪਦੇ ਹਿਰਦਿਆਂ ਉੱਤੇ ਅੰਮ੍ਰਿਤ ਦੀ ਵਰਖਾ ਕਰਨ ਵਾਲੀ ਹੈ। "ਇਹ ਰੁੱਤ ਮਨੁੱਖੀ-ਮਨ ਵਿਚ ਭਾਵਨਾ ਜਗਾਂਦੀ ਤੇ ਜੀਣ-ਥੀਣ ਦੀ ਰੀਝ ਪ੍ਰਬਲ ਕਰਦੀ ਹੈ।" ਕਦੇ ਕਿਣਮਿਣ ਪੈਂਦੀ ਹੈ ਅਤੇ ਕਦੇ ਮੋਹਲੇਧਾਰ ਮੀਂਹ ਪੈਂਦਾ ਹੈ, ਮੋਰ ਪੈਲਾਂ ਪਾਉਂਦੇ ਹਨ। ਅਜਿਹੇ ਜਵਾਨ ਮੌਸਮ ਵਿਚ ਪੰਜਾਬੀ ਮਨ ਕੁਦਰਤ ਰਾਣੀ ਦੇ ਨਾਲ ਇਕਸੁਰ ਹੋ ਕੇ ਕਿਣਮਿਣ ਦੀ ਤਾਲ 'ਤੇ ਨੱਚ ਉੱਠਦਾ ਹੈ।

ਸਾਉਣ ਦੇ ਮਹੀਨੇ ਵਿਚ ਅਖਾੜੇ ਲੱਗਦੇ ਹਨ, ਛਿੰਜਾਂ ਪੈਂਦੀਆਂ ਹਨ, ਕੁਸ਼ਤੀਆਂ ਹੁੰਦੀਆਂ ਹਨ। ਲੋਕ ਦੂਰੋਂ-ਦੂਰੋਂ ਇਨ੍ਹਾਂ ਅਖਾੜਿਆਂ ਵਿਚ ਆ ਕੇ ਆਪਣਾ ਮਨੋਰੰਜਨ ਕਰਦੇ ਹਨ। ਮਾਲਵੇ ਇਲਾਕੇ ਵਿਚ ਇਸ ਤਿਉਹਾਰ ਦਾ ਨਾਂ 'ਤੀਆਂ' ਅਤੇ ਮਾਝੇ ਤੇ ਦੁਆਬੇ ਵਿਚ 'ਸਾਵੇਂ' ਹੈ। ਸਾਉਣ ਦੇ ਤਿਉਹਾਰ ਨੂੰ ਹੁਣ ਪਰੰਪਰਾਗਤ ਤੌਰ ਤਰੀਕੇ ਨਾਲ ਨਹੀਂ ਮਨਾਇਆ ਜਾਂਦਾ, ਬੜਾ ਫ਼ਰਕ ਪੈ ਗਿਆ ਹੈ। ਵੱਡੇ ਸ਼ਹਿਰਾਂ ਵਿਚ ਤੀਆਂ ਦੇ ਤਿਉਹਾਰ ਨੂੰ ਉਵੇਂ ਨਹੀਂ ਮਨਾਇਆ ਜਾਂਦਾ। ਨਾ ਹੀ ਅੱਜਕਲ੍ਹ ਸਾਰੇ ਆਪਣੀਆਂ ਨੂੰਹਾਂ ਨੂੰ ਪੇਕੇ ਭੇਜਦੇ ਹਨ ਤੇ ਨਾ ਹੀ ਉਨ੍ਹਾਂ ਕੋਲੋਂ ਘਰ-ਗ੍ਰਹਿਸਥੀ ਅਤੇ ਨੌਕਰੀ ਵਿਚੋਂ ਨਿਕਲਣ ਦੀ ਹੀ ਫ਼ੁਰਸਤ ਹੈ। ਇਹ ਸ਼ਹਿਰੀ ਲੋਕ ਬੱਸ ਖਾਣ-ਪੀਣ ਤੱਕ ਹੀ ਸੀਮਤ ਹੋ ਗਏ ਹਨ ਤੇ ਕਲੱਬਾਂ ਆਦਿ ਵਿਚ ਜਾ ਕੇ ਇਕੱਠ ਕਰਕੇ ਤੀਆਂ ਦੇ ਪ੍ਰਚਲਿਤ ਗੀਤ ਅਤੇ ਹੋਰ ਫ਼ਿਲਮੀ ਗਾਣੇ ਗਾ ਕੇ, ਪੀਂਘਾਂ ਝੂਟ ਲੈਂਦੇ ਹਨ।

ਇਸ ਤਿਉਹਾਰ ਦਾ ਆਧਾਰ ਸਰੀਰਕ ਅਰੋਗਤਾ ਵਾਲਾ ਹੈ। ਪੀਂਘਾਂ ਝੂਟਣ ਨਾਲ ਸਰੀਰ ਚੰਗੀ ਤਰ੍ਹਾਂ ਖੁੱਲ੍ਹਦਾ ਹੈ, ਫੇਫੜਿਆਂ ਵਿਚ ਤਾਜ਼ੀ ਹਵਾ ਜਾਂਦੀ ਹੈ। ਵਿਆਹੀਆਂ ਕੁੜੀਆਂ ਵੀ ਪੇਕੀਂ ਪੀਂਘਾਂ ਝੂਟ ਕੇ ਤੀਆਂ ਮਨਾ ਕੇ ਹਰ ਪੱਖ ਤੋਂ ਅਰੋਗ ਹੋ ਜਾਂਦੀਆਂ ਹਨ।

ਸਾਵਣ ਮਹੀਨੇ ਮੱਝਾਂ ਗਾਵਾਂ ਵੱਧ ਦੁੱਧ ਦਿੰਦੀਆਂ ਹਨ। ਵੈਦਿਕ ਪੱਖ ਤੋਂ ਇਹ ਮਹੀਨੇ ਹਲਕਾ ਖਾਣਾ ਗੁਣਕਾਰੀ ਹੁੰਦਾ ਹੈ। ਗੁੜ ਢਿੱਲਾ ਹੋ ਜਾਂਦਾ ਹੈ। ਇਸ ਲਈ ਖੀਰ-ਪੂੜੇ ਵਿਸ਼ੇਸ਼ ਤੌਰ 'ਤੇ ਬਣਾਏ ਜਾਂਦੇ ਹਨ ਅਤੇ ਖਾਧੇ ਜਾਂਦੇ ਹਨ।

ਇਹ ਵੀ ਵਿਚਾਰ ਹੈ ਕਿ ਇਸ ਮਹੀਨੇ ਸੱਸ ਨੇ ਨੂੰਹ ਦੇ ਮੱਥੇ ਨਹੀਂ ਲੱਗਣਾ ਹੁੰਦਾ। ਇਸ ਕਰਕੇ ਉਸਨੂੰ (ਨੂੰਹ ਨੂੰ) ਇਸ ਮਹੀਨੇ ਪੇਕੇ ਭੇਜ ਦਿੱਤਾ ਜਾਂਦਾ ਹੈ ਪਰੰਤੂ ਇਸ ਗੱਲ ਪਿੱਛੇ ਇਕ ਵਿਗਿਆਨਕ ਸੱਚਾਈ ਛਿਪੀ ਹੋਈ ਹੈ ਕਿ ਇਸ ਮਹੀਨੇ ਭੁੱਖ ਜ਼ਿਆਦਾ ਲੱਗਦੀ ਹੈ, ਖੇਡਣ-ਮੱਲਣ ਨੂੰ ਦਿਲ ਕਰਦਾ ਹੈ ਪਰੰਤੂ ਸਹੁਰੇ ਘਰੇ ਨੂੰਹ ਨੂੰ ਖਾਣ-ਪੀਣ ਦੀ, ਖੇਡਣ-ਮੱਲਣ ਦੀ ਆਜ਼ਾਦੀ ਨਹੀਂ ਹੁੰਦੀ। ਇਸੇ ਕਰਕੇ ਉਨ੍ਹਾਂ ਨੂੰ ਪੇਕੇ ਲਿਆਇਆ ਜਾਂਦਾ ਹੈ। ਇਸ ਤਰ੍ਹਾਂ ਇਹ ਤਿਉਹਾਰ ਪੇਕੀਂ ਆਈਆਂ ਵਿਆਹੀਆਂ ਧੀਆਂ ਦਾ ਆਪਣੀਆਂ ਸਹੇਲੀਆਂ ਨਾਲ ਰਲ ਖੇਡਣ ਤੇ ਪੀਂਘਾਂ ਝੂਟਣ ਦਾ ਮੇਲਾ ਹੈ। ਪੀਂਘਾਂ ਝੂਟਣਾ ਮੁਟਿਆਰਾਂ ਦਾ ਇਕ ਦਿਲਪ੍ਰਚਾਵਾ ਹੈ। ਇਕ ਹੁਲਾਸਮਈ ਖੇਡ ਹੈ। ਇਕ ਅਰਧ-ਨਾਚ ਵੀ ਹੈ। "ਵੈਦਿਕ ਪੱਖ ਤੋਂ ਸਰੀਰਕ ਅਰੋਗਤਾ ਲਈ ਸਾਵਣ ਦੇ ਮਹੀਨੇ ਵੱਧ ਤੋਂ ਵੱਧ ਰੁੱਖਾਂ ਹੇਠਾਂ ਬੈਠਣਾ ਬਹੁਤ ਜ਼ਰੂਰੀ ਹੈ। ਇਹ ਅਖਾਣ ਵੀ ਹੈ : 'ਸਾਵਣ ਭਾਦਰੋਂ ਰੁੱਖੀਂ।' ਨਵ-ਵਿਆਹੀਆਂ ਦੀ ਕੁੱਖ ਦੀ ਅਰੋਗਤਾ ਤੇ ਸਿਰਜਨਾਤਮਕਤਾ ਵਧਾਉਣ ਲਈ ਉਨ੍ਹਾਂ ਲਈ ਰੁੱਖਾਂ ਹੇਠ ਖੇਲ੍ਹਣਾ, ਮੱਲ੍ਹਣਾ ਜਾਂ ਬੈਠਣਾ ਹੋਰ ਵੀ ਜ਼ਰੂਰੀ ਸੀ। ਵਿਆਹੀਆਂ ਮੁਟਿਆਰਾਂ ਦੀ ਅਰੋਗਤਾ ਲਈ ਬਜ਼ੁਰਗਾਂ ਨੇ ਤੀਆਂ ਦਾ ਤਿਉਹਾਰ ਆਰੰਭ ਕੀਤਾ ਤਾਂ ਜੋ ਮੁਟਿਆਰਾਂ ਰੁੱਖਾਂ ਨਾਲ ਪਾਈਆਂ ਪੀਂਘਾਂ ਝੂਟ ਕੇ ਵੱਧ ਤੋਂ ਵੱਧ ਸਮਾਂ ਰੁੱਖਾਂ ਦੀ ਛਾਂ ਵਿਚ ਰਹਿ ਸਕਣ।"

ਇਸ ਮਹੀਨੇ ਸਾਉਣੀ ਦੀ ਬਿਜਾਈ ਦਾ ਪੂਰਾ ਜ਼ੋਰ ਹੁੰਦਾ ਹੈ। ਪੰਜਾਬੀ ਕਿਸਾਨ ਝੋਨਾ, ਮੱਕੀ, ਜਵਾਰ, ਬਾਜਰਾ, ਕਪਾਹ, ਮਾਂਹ, ਮੂੰਗ ਆਦਿ ਫਸਲਾਂ ਦੀ ਕਾਸ਼ਤ ਕਰਦਾ ਹੈ। ਇਸ ਮਹੀਨੇ ਵਿਚ ਜਾਮਨ, ਨਾਸ਼ਪਾਤੀ, ਅੰਗੂਰ, ਅਮਰੂਦ, ਅਨਾਰ ਅਤੇ ਅੰਬ ਫ਼ਲ ਵਧੇਰੇ ਮਾਤਰਾ ਵਿਚ ਮਿਲਦੇ ਹਨ।

ਮਹੀਨੇ ਦੇ ਆਖ਼ਰੀ ਐਤਵਾਰ ਨੂੰ 'ਵੱਡਾ ਸਾਵਾਂ' ਕੀਤਾ ਜਾਂਦਾ ਹੈ। ਭਰਪੂਰ ਇਕੱਠ ਹੁੰਦੇ ਹਨ, ਪੀਂਘਾਂ ਝੂਟੀਆਂ ਜਾਂਦੀਆਂ ਹਨ, ਗਿੱਧੇ ਪਾਏ ਜਾਂਦੇ ਹਨ। ਮਾਲ੍ਹਪੂੜੇ ਖਾਧੇ ਜਾਂਦੇ ਹਨ। ਇਹ ਸਭ ਔਰਤਾਂ ਹੀ ਨਹੀਂ ਕਰਦੀਆਂ, ਗੱਭਰੂ ਵੀ ਪੀਂਘਾਂ ਚੜ੍ਹਾਉਂਦੇ ਹਨ। ਇਕ ਦੂਜੇ ਨੂੰ ਮਖ਼ੌਲ ਕੀਤੇ ਜਾਂਦੇ ਹਨ। ਕੁੜੀਆਂ, ਮੁਟਿਆਰਾਂ, ਨਿਸੰਗ ਹੋ ਕੇ ਦਿਲ ਦੇ ਗੁਭਗੁਭਾਟ ਕੱਢਦੀਆਂ ਹਨ :

**ਗਿੱਧੇ ਵਿਚ ਰੌਣਕ ਹੋ ਗਈ ਭਾਰੀ, ਸਭੇ ਸਹੇਲੀਆਂ ਆਈਆਂ।**

**ਨੱਚਣ ਕੁੱਦਣ ਕਰਨ ਕਲੋਲਾਂ, ਨਣਦਾਂ ਤੇ ਭਰਜਾਈਆਂ।**

# ਨਸ਼ਿਆਂ ਦੇ ਹੱਕ ਵਿਚ ਗੁਮਰਾਹ-ਕੁੰਨ ਇਸ਼ਤਿਹਾਰਬਾਜ਼ੀ

**ਡਾ. ਰਜਿੰਦਰ ਸਿੰਘ**

ਸ਼ਰਾਬ ਲੋਕਾਂ ਦੇ ਦਿਲਾਂ ਦੀ ਧੜਕਨ ਬਣੀ ਰਹੇ ਅਤੇ ਵੱਧ ਤੋਂ ਵੱਧ ਲੋਕ ਸਿਗਰਟ, ਬੀੜੀ, ਜ਼ਰਦਾ, ਆਦਿ ਦੀ ਵਾਦੀ ਸਹੇੜਨ, ਇਹੀ ਇਨ੍ਹਾਂ ਦੇ ਨਿਰਮਾਤਾ ਉਦਯੋਗਪਤੀਆਂ ਦੀ ਪ੍ਰਬਲ ਮਨੋਕਾਮਨਾ ਹੁੰਦੀ ਹੈ। ਆਪਣੇ ਮਾਲ ਨੂੰ ਲੋਕ-ਪ੍ਰਿਯ ਬਨਾਉਣ ਤੇ ਗਾਹਕੀ ਵਧਾਉਣ ਲਈ ਉਹ ਅਨੇਕ ਕੋਝੀਆਂ ਚਾਲਾਂ ਚਲਦੇ ਤੇ ਹੱਥਕੰਡੇ ਵਰਤਦੇ ਹਨ। ਅਖ਼ਬਾਰਾਂ, ਰਸਾਲਿਆਂ ਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ, ਜਿਸ ਉੱਤੇ ਉਹ ਕਰੋੜਾਂ ਪਏ ਖਰਚ ਕਰਦੇ ਹਨ, ਇਨ੍ਹਾਂ ਵਿੱਚੋਂ ਮੁੱਖ ਹੈ। ਜਨਤਾ ਨੂੰ ਇਨ੍ਹਾਂ ਨਸ਼ਿਆਂ ਵੱਲ ਆਕਰਸ਼ਿਤ ਕਰ ਕੇ ਇਨ੍ਹਾਂ ਦਾ ਗ਼ੁਲਾਮ ਬਣਾਉਣਾ ਤੇ ਫਿਰ ਜੀਵਨ ਭਰ ਉਸ ਦੇ ਖੀਸੇ ਕੱਟਣਾ, ਉਨ੍ਹਾਂ ਦਾ ਮੁੱਖ ਪ੍ਰਯੋਜਨ ਹੁੰਦਾ ਹੈ। ਯੁਵਾ ਵਰਗ ਉਨ੍ਹਾਂ ਦਾ ਮੁੱਖ ਨਿਸ਼ਾਨਾ ਹੁੰਦਾ ਹੈ। ਹੋਰ ਤਾਂ ਹੋਰ ਮਾਸੂਮ ਬੱਚਿਆਂ ਨੂੰ ਵੀ ਉਹ ਬਖਸ਼ਣਾ ਨਹੀਂ ਚਾਹੁੰਦੇ। ਭਲੇ ਹੀ ਆਉਣ ਵਾਲੀਆਂ ਨਸਲਾਂ ਕਮਜ਼ੋਰ ਤੇ ਬਿਮਾਰ ਰਹਿਣ, ਜੀਵਨ-ਮਿਆਰ ਨੂੰ ਢਾਹ ਲੱਗੇ ਤੇ ਮੌਤ ਦਰ ਵਿਚ ਵਾਧਾ ਹੋਏ, ਇਸ ਨਾਲ ਉਨ੍ਹਾਂ ਦੀ ਜ਼ਮੀਰ ਨੂੰ ਕੋਈ ਸਰੋਕਾਰ ਨਹੀਂ। "ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।" ਮਨੁੱਖੀ ਸੰਤਾਪ ਵਿਚੋਂ ਲਾਹਾ ਖੱਟਣ ਦੀ ਪ੍ਰਵਿਰਤੀ ਹੀ ਉਨ੍ਹਾਂ ਦੀ ਦੌਲਤਮੰਦੀ ਦਾ ਰਾਜ ਹੈ। ਇਸ ਮਸਲੇ ਪ੍ਰਤੀ ਜਨ-ਸਾਧਾਰਨ ਦੀ ਨਾਸਮਝੀ ਅਤੇ ਸਰਕਾਰ ਦੀ ਅਲਗ਼ਰਜ਼ੀ ਦਾ ਉਹ ਪੂਰਾ ਲਾਭ ਉਠਾਉਂਦੇ ਹਨ।

ਅਖ਼ਬਾਰਾਂ ਤੇ ਰਸਾਲਿਆਂ ਵਿਚ ਸਿਗਰਟ ਦੇ ਵੱਡੇ-ਵੱਡੇ (ਅਕਸਰ ਅੱਧੇ ਸਫ਼ੇ ਦੇ) ਇਸ਼ਤਿਹਾਰ ਛਪਦੇ ਹਨ। ਇਨ੍ਹਾਂ ਨੂੰ ਤਿਆਰ ਕਰਨ ਵਿਚ ਬੜੀ ਚਤੁਰਾਈ ਤੋਂ ਕੰਮ ਲਿਆ ਜਾਂਦਾ ਹੈ। ਇਹ ਬੜੇ ਖ਼ੂਬਸੂਰਤ ਬਹੁਰੰਗੇ ਚਿੱਤਰਾਂ ਦੇ ਰੂਪ ਵਿਚ ਹੁੰਦੇ ਹਨ ਅਤੇ ਇਨ੍ਹਾਂ ਉੱਤੇ ਛਪੇ ਸੰਦੇਸ਼ ਵੀ ਕੋਈ ਘੱਟ ਪ੍ਰਭਾਵਸ਼ਾਲੀ ਨਹੀਂ ਹੁੰਦੇ। ਅਪ੍ਰੌੜ ਮਨ 'ਤੇ ਤਾਂ ਇਹ ਸਿੱਧਾ ਅਸਰ ਕਰਦੇ ਹਨ। ਦਰਸ਼ਕ ਦੇ ਭੇਜੇ ਵਿਚ ਇਹ ਗੱਲ ਬਿਠਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਿਗਰਟ ਪੀਣਾ ਇਕ ਨਾਰਮਲ ਤੇ ਨਿਰੋਆ ਵਿਵਹਾਰ ਹੈ ਅਤੇ ਸਮਾਜਕ ਤੇ





ਪੇਸ਼ਾ-ਵਾਰ ਕਾਮਯਾਬੀ ਦੀ ਕੁੰਜੀ ਹੈ। ਇਸ ਗੱਲ ਦਾ ਵੀ ਭਰਪੂਰ ਪ੍ਰਯਾਸ ਕੀਤਾ ਜਾਂਦਾ ਹੈ ਕਿ ਸਿਹਤ ਉੱਤੇ ਸਿਗਰਟ ਦੇ ਹਾਨੀਕਾਰਕ ਪ੍ਰਭਾਵਾਂ ਦੀ ਨਾਖੁਸ਼ਗਵਾਰ ਹਕੀਕਤ ਵੱਲ ਉਸ ਦਾ ਧਿਆਨ ਹੀ ਨਾ ਜਾਏ। ਇਨ੍ਹਾਂ ਵਿਚੋਂ ਸਿਗਰਟ ਪੀਣ ਵਾਲੇ ਵਿਅਕਤੀਆਂ ਦੀ ਬੜੀ ਮਨਮੋਹਕ ਤੇ ਸਕਾਰਾਤਮਕ ਪ੍ਰਤਿਮਾ (positive image) ਉਭਾਰੀ ਜਾਂਦੀ ਹੈ, ਤਾਂ ਜੁ ਦਰਸ਼ਕ ਮਹਿਸੂਸ ਕਰਨ ਕਿ ਸਿਗਰਟ ਨਾ ਪੀਣਾ ਐਵੇਂ ਆਪਣੀ ਜ਼ਿੰਦਗੀ ਨੂੰ ਹਕੀਕੀ ਲੁਤਫ਼ ਤੇ ਸ਼ਾਨ-ਸ਼ੌਕਤ ਤੋਂ ਮਹਿਰੂਮ ਰੱਖਣ ਦੇ ਤੁੱਲ ਹੈ। ਭਾਵੇਂ ਇਸ਼ਤਿਹਾਰ ਥੱਲੇ ਇਕ ਪਾਸੇ ਵਿਧਾਨਿਕ ਚੇਤਾਵਨੀ "ਸਿਗਰਟ ਪੀਣਾ ਸਿਹਤ ਲਈ ਹਾਨੀਕਾਰਕ ਹੈ" ਬਰੀਕ ਸ਼ਬਦਾਂ ਵਿਚ ਛਪੀ ਹੁੰਦੀ ਹੈ, ਪਰੰਤੂ ਆਮ ਤੌਰ 'ਤੇ ਕਿਸੇ ਦੀ ਨਜ਼ਰ ਇਸ 'ਤੇ ਨਹੀਂ ਪੈਂਦੀ ਜਾਂ ਇਹ ਬਹੁਤ ਨਿਗੂਣੀ ਜਾਪਦੀ ਹੈ।

ਇਨ੍ਹਾਂ ਇਸ਼ਤਿਹਾਰਾਂ ਵਿਚ ਆਮ ਤੌਰ 'ਤੇ ਸਿਗਰਟ ਪੀਂਦੇ ਇਕ ਪ੍ਰਸੰਨ, ਸ਼ਾਂਤ-ਸੰਤੁਸ਼ਟ ਆਧੁਨਿਕ ਛਬੀਲੇ ਨੌਜਵਾਨ ਦੇ ਦਰਸ਼ਨ ਹੁੰਦੇ ਹਨ ਅਤੇ ਉਸ ਦੀ ਸਾਥਨ ਸੁੰਦਰ, ਸਜੀਲੀ ਮੁਟਿਆਰ ਦੀਆਂ ਅੱਖਾਂ 'ਚੋਂ ਉਸ ਦੇ ਅੰਦਾਜ਼ ਪ੍ਰਤੀ ਪ੍ਰਸ਼ੰਸਾ ਦੇ ਭਾਵ ਡੁਲ੍ਹ-ਡੁਲ੍ਹ ਪੈਂਦੇ ਦਿਸਦੇ ਹਨ। ਕਈ ਵਾਰ ਝੀਲ ਦਾ ਕਿਨਾਰਾ ਜਾਂ ਪਰਬਤ ਦੀ ਪ੍ਰਿਸ਼ਠ-ਭੂਮੀ ਸਾਂਤ ਵਾਤਾਵਰਣ ਕਾਰਨ ਪ੍ਰਭਾਵ ਵਿਚ ਹੋਰ ਵੀ ਵਾਧਾ ਹੋ ਜਾਂਦਾ ਹੈ। ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਿਗਰਟ ਦੇ ਸੁਮੇਲ ਤੋਂ ਵਿਅਕਤਿਤਵ ਨੂੰ ਚਾਰ ਚੰਨ ਲੱਗ ਜਾਂਦੇ ਹਨ। ਸਿਗਰਟਨੋਸ਼ੀ ਨੂੰ ਆਧੁਨਿਕਤਾ, ਬਾਂਕਪਣ, ਸਾਹਸ, ਮਰਦਾਨਗੀ ਤੇ ਸਫਲ ਪ੍ਰਸੰਨ ਜੀਵਨ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ।

ਇਸਤਰੀਆਂ ਵਿਚ ਸਿਗਰਟਨੋਸ਼ੀ ਨੂੰ ਫ਼ਰੋਗ਼ ਦੇਣ ਲਈ ਇਸ਼ਤਿਹਾਰਾਂ ਅਤੇ ਫ਼ਿਲਮੀ ਦ੍ਰਿਸ਼ਾਂ ਵਿਚ ਸਿਗਰਟ ਪੀਣ ਵਿਚ ਵਿਅਸਤ ਫੈਸ਼ਨੇਬਲ ਯੁਵਤੀ ਨੂੰ ਅਕਸਰ ਇਕ ਆਜ਼ਾਦ-ਖਿਆਲ, ਅਗਾਂਹ-ਵਧੂ, ਸਫਲ ਤੇ ਆਧੁਨਿਕ ਸੁੰਦਰੀ ਜਾਂ ਚੰਚਲ ਕਾਮਨੀ ਦਾ ਰੂਪ ਦਿੱਤਾ ਜਾਂਦਾ ਹੈ। ਨਾਰੀ ਨੂੰ

ਇਹ ਚਸਕਾ ਲਾਉਣ ਲਈ MS ਨਾਂ ਦਾ ਸਿਗਰਟ ਮਾਰਕੀਟ ਵਿਚ ਲਿਆਉਂਦਾ ਗਿਆ ਹੈ। ਭਾਵੇਂ ਇਹ ਸਿਗਰਟ ਹੋਰ ਬਰਾਂਡਾਂ ਤੋਂ ਕਿਸੇ ਤਰ੍ਹਾਂ ਭਿੰਨ ਨਹੀਂ, ਪਰੰਤੂ ਵਿਗਿਆਪਨਾਂ ਵਿਚ ਇਸ ਨੂੰ ਨਾਰੀ ਲਈ ਇਕੋ ਇਕ ਦੇ ਆਦਰਸ਼ਕ ਸਿਗਰਟ ਦੱਸ ਕੇ ਵਡਿਆਇਆ ਗਿਆ ਹੈ। ਪੱਛਮੀ ਦੇਸ਼ਾਂ ਵਿਚ ਤੰਬਾਕੂ ਉਦਯੋਗਪਤੀਆਂ ਨੇ ਚਤੁਰ ਇਸ਼ਤਿਹਾਰਬਾਜ਼ੀ ਦਾ ਇਕ ਨਵਾਂ ਗੁੱਲ ਖਿਲਾਇਆ ਹੈ। ਉਹ ਇਸ ਗੱਲੋਂ ਸੁਚੇਤ ਹਨ ਕਿ ਆਧੁਨਿਕ ਨਾਰੀ ਵਿਚ ਸਰੀਰ ਨੂੰ ਪਤਲਾ ਰੱਖਣ ਦਾ ਸ਼ੌਕ ਜਨੂਨ ਦੀ ਹੱਦ ਤੱਕ ਪਹੁੰਚਿਆ ਹੋਇਆ ਹੈ ਅਤੇ ਉਹ ਮੰਤਵ-ਸਿੱਧੀ ਲਈ ਕੋਈ ਵੀ ਕੀਮਤ ਚੁਕਾਉਣ ਲਈ ਤਿਆਰ ਰਹਿੰਦੀ ਹੈ। ਉਹ ਇਹ ਵੀ ਜਾਣਦੇ ਹਨ ਕਿ ਤੰਬਾਕੂ-ਸੇਵਨ ਭੁੱਖ ਘਟਾਉਂਦਾ ਹੈ। ਇਨ੍ਹਾਂ ਤੱਥਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ 'ਵਰਜਿਨੀਆ ਸਲਿਮ' (Virginia-Slim) ਨਾਮੀ ਸਿਗਰਟ ਜਾਰੀ ਕੀਤਾ ਅਤੇ ਚੰਟ ਇਸ਼ਤਿਹਾਰਬਾਜ਼ੀ ਰਾਹੀਂ ਨਾਰੀ ਨੂੰ ਮਸ਼ਵਰਾ ਦਿੱਤਾ ਕਿ ਇਸ ਦਾ ਸੇਵਨ ਕਰਕੇ ਉਹ ਆਪਣੀ ਸਰੀਰ ਇਕਹਿਰਾ ਤੇ ਸਡੌਲ ਬਣਾਈ ਰੱਖੇ ("Why not puff and keep fat away?")। ਉਂਜ ਇਸ ਸਿਗਰਟ ਤੇ ਹੋਰ ਬਰਾਂਡਾਂ ਵਿਚ ਵੀ ਕੋਈ ਫ਼ਰਕ ਨਹੀਂ। ਕੇਵਲ ਇਕ ਵੱਖਰਾ ਨਾਂ ਦੇ ਕੇ ਇਸ ਨੂੰ ਵਿਸ਼ੇਸ਼ ਅਰਥ ਜਾਂ ਪ੍ਰਯੋਜਨ ਦੇ ਦਿੱਤਾ ਗਿਆ ਹੈ।

ਪਾਨ ਮਸਾਲਾ ਇਕ ਬੜੀ ਹਾਨੀਕਾਰਕ ਵਸਤੂ ਹੈ। ਇਹ ਮੂੰਹ ਦੇ ਕੈਂਸਰ ਦਾ ਮੁੱਖ ਕਾਰਨ ਹੈ। ਇਸ ਸਮੇਂ ਮਾਰਕੀਟ ਵਿਚ ਇਸ ਦੇ 50 ਤੋਂ ਵੱਧ ਬਰਾਂਡ ਹਨ, ਜਿਨ੍ਹਾਂ ਵਿਚੋਂ ਦਰਜਨ ਭਰ ਦੀ ਭਰਪੂਰ ਇਸ਼ਤਿਹਾਰਬਾਜ਼ੀ ਬੜੇ ਪ੍ਰਭਾਵਸ਼ਾਲੀ ਨਾਟਕੀ ਢੰਗ ਨਾਲ ਨਿੱਤ ਟੀ.ਵੀ. 'ਤੇ ਹੋ ਰਹੀ ਹੈ। ਇਨ੍ਹਾਂ ਇਸ਼ਤਿਹਾਰਾਂ ਵਿਚ ਪਾਨ ਮਸਾਲੇ ਨੂੰ ਫੈਸ਼ਨੇਬਲ ਲੋਕਾਂ ਦੀ ਪਸੰਦ ਅਤੇ ਜੀਵਨ ਨੂੰ ਮੰਗਲਮਈ ਬਣਾਉਣ ਵਾਲੀ ਵਸਤੂ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਵਿਗਿਆਪਨ ਵਿਸ਼ੇਸ਼ ਕਰ ਕੇ ਬੱਚਿਆਂ ਲਈ ਬੜੇ ਆਕਰਸ਼ਣਕਾਰੀ ਸਿੱਧ ਹੋ ਰਹੇ ਹਨ ਅਤੇ ਉਹ ਖੁਦ ਇਸ ਫੈਸ਼ਨ ਨੂੰ ਅਪਨਾਉਣ ਲਈ ਬੇਤਾਬ ਹੋ ਉੱਠਦੇ ਹਨ। ਸੜਕਾਂ ਕਿਨਾਰੇ ਬੈਠੇ ਫੜ੍ਹੀ ਵਾਲਿਆਂ ਕੋਲ ਅਤੇ ਕਰਿਆਨਾ, ਚਾਹ ਤੇ ਪਾਨ ਦੀਆਂ ਦੁਕਾਨਾਂ 'ਤੇ ਲਟਕਦੀਆਂ ਪਾਨ ਮਸਾਲੇ ਦੇ ਖ਼ੂਬਸੂਰਤ ਪੈਕਟਾਂ ਦੀਆਂ ਲੜੀਆਂ, ਉਨ੍ਹਾਂ ਨੂੰ ਵਿਸ਼ੇਸ਼ ਧ੍ਰੂਹ ਪਾਂਦੀਆਂ ਹਨ। ਕੀਮਤ (ਇਕ ਰੁਪਿਆ ਪ੍ਰਤੀ ਪੈਕਟ) ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਨਹੀਂ ਹੁੰਦੀ।

ਪਾਨ ਮਸਾਲੇ ਦਾ ਨਿਰਮਾਤਾ ਇਕ ਤੀਰ ਨਾਲ ਦੋ ਨਿਸ਼ਾਨੇ ਸਾਧ ਰਿਹਾ ਹੁੰਦਾ ਹੈ। ਸਾਧਾਰਨ ਪਾਨ ਮਸਾਲੇ ਵਿਚ ਤੰਬਾਕੂ ਦੀ ਅਣਹੋਂਦ ਕਾਰਨ ਟੀ.ਵੀ. ਉਸ ਦਾ ਇਸ਼ਤਿਹਾਰ ਨਸ਼ਰ ਕਰ ਦੇਂਦਾ ਹੈ, ਪਰੰਤੂ ਇਕੋ ਨਾਂ ਹੇਠ ਨਿਰਮਾਤਾ ਪਾਨ ਮਸਾਲਾ ਤੇ ਗੁਟਕਾ (ਤੰਬਾਕੂ-ਮਿਸ਼੍ਰਿਤ ਪਾਨ ਮਸਾਲਾ) ਦੋਹਾਂ ਦਾ ਨਿਰਮਾਣ ਕਰਦਾ ਹੈ। ਪਾਨ ਪਰਾਗ ਨਾਮੀ ਪਾਨ ਮਸਾਲਾ ਵੀ ਉਪਲਬਧ ਹੈ ਤੇ ਗੁਟਕਾ ਵੀ। ਚੁਟਕੀ ਮਾਊਥ ਫ਼ਰੈਸ਼ਨਰ (Chutki Mouth Freshener) ਨਾਂ ਦਾ ਪਾਨ ਮਸਾਲਾ ਵੀ ਮਿਲਦਾ ਹੈ ਅਤੇ ਗੁਟਕਾ ਵੀ। ਟੀ.ਵੀ. 'ਤੇ ਪ੍ਰਸਾਰਤ ਪਾਨ ਮਸਾਲੇ ਦੇ ਇਸ਼ਤਿਹਾਰ ਨਾਲ ਉਸੇ ਨਾਂ ਦੇ ਗੁਟਖੇ ਦੀ ਇਸ਼ਤਿਹਾਰਬਾਜ਼ੀ ਵੀ ਆਪਣੇ ਆਪ ਹੋ ਜਾਂਦੀ ਹੈ। ਬੱਚਾ ਪਾਨ ਮਸਾਲਾ ਖਾਣਾ ਸ਼ੁਰੂ ਕਰਦਾ ਹੈ। ਛੇਤੀ ਹੀ ਆਪਣੇ ਆਪ, ਜਾਂ ਦੁਕਾਨਦਾਰ ਦੀ ਸਿਫਾਰਸ਼ ਜਾਂ ਸ਼ਰਾਰਤ ਕਾਰਨ ਉਹ ਉਸੇ ਨਾਂ ਦਾ ਗੁਟਖਾ ਲੈਣ ਲੱਗ ਪੈਂਦਾ ਹੈ। ਇਸ ਵਿਚ ਸ਼ਾਮਲ ਤੰਬਾਕੂ ਤੋਂ ਉਸ ਨੂੰ ਵਧੇਰੇ ਚੁਸਤੀ ਤੇ ਉਤੇਜਨਾ (Kick) ਦਾ ਅਹਿਸਾਸ ਹੁੰਦਾ ਹੈ। ਗੁਟਖਾ ਚੱਬਣਾ ਉਸ ਦਾ ਨਿੱਤ ਦਾ ਦਸਤੂਰ ਜਾਂ ਮਜਬੂਰੀ ਬਣ ਜਾਂਦਾ ਹੈ। ਅੱਗੇ ਚੱਲ ਕੇ ਹੋਰ ਵਧੇਰੇ ਉਤੇਜਨਾ ਲਈ ਉਹ ਜ਼ਰਦੇ ਨੂੰ ਮੂੰਹ ਮਾਰਨ ਲੱਗਦਾ ਹੈ ਜੋ ਹੋਰ ਵੀ ਸਸਤਾ ਹੈ। ਇਸ ਤਰ੍ਹਾਂ ਦੀ ਸ਼ੁਰੂਆਤ ਕਰਕੇ ਸਹਿਜੇ-ਸਹਿਜੇ ਬੱਚੇ ਦੇ ਕਦਮ ਹੋਰ ਕਈ ਨਸ਼ਿਆਂ ਵੱਲ ਵੱਧ ਜਾਂਦੇ ਹਨ। ਤੰਬਾਕੂ ਉਦਯੋਗਪਤੀਆਂ ਨਾਲ ਸਰਕਾਰ ਦੀ ਅਨੁਚਿਤ ਭਾਗੀਦਾਰੀ ਦੇ ਵੀ ਕੁਝ ਪ੍ਰਮਾਣ ਦੇਖਣ ਨੂੰ ਮਿਲੇ ਹਨ।

ਸਮਾਜ-ਸੇਵੀ ਬੁੱਧੀਜੀਵੀਆਂ ਤੇ ਸੰਸਥਾਵਾਂ ਨੂੰ ਇਕਜੁੱਟ ਹੋ ਕੇ ਨਸ਼ਿਆਂ ਦੇ ਹੱਕ ਵਿਚ ਹੋ ਰਹੀ ਹਰ ਪ੍ਰਕਾਰ ਦੀ ਇਸ਼ਤਿਹਾਰਬਾਜ਼ੀ ਬੰਦ ਕਰਾਉਣ ਲਈ ਸਰਕਾਰ ਉਤੇ ਜ਼ੋਰ ਪਾਉਣਾ ਚਾਹੀਦਾ ਹੈ।




**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

# ਵਿਗਿਆਨ ਭੰਡਾਰ

ਗੁਰਬਚਨ ਸਿੰਘ

**ਪਾਣੀ** - ਜਿਹੜੀ ਚੀਜ਼ ਥਾਂ ਮੱਲਦੀ ਹੋਵੇ ਅਥਵਾ ਭਾਰ ਰੱਖਦੀ ਹੋਵੇ ਉਸ ਨੂੰ ਪਦਾਰਥ ਕਹਿੰਦੇ ਹਨ। ਹਵਾ ਪਦਾਰਥ ਹੈ। ਉਸੇ ਤਰ੍ਹਾਂ ਪਾਣੀ ਵੀ ਪਦਾਰਥ



ਹੈ। ਪਦਾਰਥ ਦੀਆਂ ਤਿੰਨ ਹਾਲਤਾਂ ਹੁੰਦੀਆਂ ਹਨ : ਠੋਸ, ਤਰਲ ਅਤੇ ਗੈਸ। ਪਾਣੀ ਇਨ੍ਹਾਂ ਤਿੰਨਾਂ ਹਾਲਤਾਂ ਵਿਚ ਮਿਲਦਾ ਹੈ। ਠੰਡ ਨਾਲ ਪਾਣੀ ਜੰਮ ਜਾਂਦਾ ਹੈ ਅਤੇ ਬਰਫ਼ ਬਣ ਜਾਂਦਾ ਹੈ। ਬਰਫ਼ ਸਖ਼ਤ ਹੁੰਦੀਹੈ ।ਸਖ਼ਤ ਪਦਾਰਥ ਨੂੰ ਹੀ ਠੋਸ ਕਿਹਾ ਜਾਂਦਾ ਹੈ। ਸੋ ਬਰਫ਼ ਪਾਣੀ ਦਾ ਠੋਸ ਰੂਪ ਹੈ। ਬਰਫ਼ ਨੂੰ ਜਦ ਗਰਮ ਕੀਤਾ ਜਾਏ ਜਾਂ ਕੁਝ ਚਿਰ ਪਿਆ ਰਹਿਣ ਦਿੱਤਾ ਜਾਏ ਤਾਂ ਉਹ



ਪਿਘਲ ਜਾਂਦੀ ਹੈ ਅਤੇ ਪਾਣੀ ਦੇ ਆਮ ਰੂਪ ਵਿਚ ਆ ਜਾਂਦੀ ਹੈ। ਇਸ ਨੂੰ ਪਾਣੀ ਦਾ ਤਰਲ ਰੂਪ ਕਿਹਾ ਜਾਂਦਾ ਹੈ। ਜਿਹੜੀ ਚੀਜ਼ ਵੱਗਦੀ ਹੈ ਉਸ ਨੂੰ ਤਰਲ ਕਹਿੰਦੇ ਹਨ। ਪਾਣੀ ਵੱਗਦਾ ਹੈ, ਇਸ ਲਈ ਇਹ ਤਰਲ ਹੈ। ਜੇ ਪਾਣੀ ਨੂੰ ਅੱਗ ਤੇ ਰੱਖ ਕੇ ਗਰਮ ਕਰੀਏ ਤਾਂ ਇਹ ਭਾਫ਼ ਬਣ ਜਾਂਦਾ ਹੈ ਅਥਵਾ ਵਾਸ਼ਪ ਬਣ ਜਾਂਦਾ ਹੈ। ਭਾਫ਼ ਅਥਵਾ ਵਾਸ਼ਪ ਪਾਣੀ ਦਾ ਗੈਸੀ ਰੂਪ ਹੈ। ਸੋ ਪਾਣੀ ਤਿੰਨ ਹਾਲਤਾਂ ਅਥਵਾ ਰੂਪਾਂ ਵਿਚ ਮਿਲਦਾ ਹੈ : ਠੋਸ, ਤਰਲ ਅਤੇ ਗੈਸ। ਤਿੰਨੇ ਰੂਪ ਇਕ ਦੂਜੇ ਵਿਚ ਬਦਲੇ ਜਾ ਸਕਦੇ ਹਨ।


**ਪਾਣੀ ਦਾ ਚੱਕਰ** - ਧਰਤੀ ਤੇ ਪਾਣੀ ਦੇ ਬੇਅੰਤ ਭੰਡਾਰ ਹਨ। ਸਮੁੰਦਰਾਂ ਵਿਚ ਅੰਤਾਂ ਦਾ ਪਾਣੀ ਹੈ। ਫਿਰ ਦਰਿਆ ਹਨ, ਨਦੀਆਂ ਹਨ, ਨਾਲੇ ਹਨ।



ਇਨ੍ਹਾਂ ਵਿਚ ਵੀ ਪਾਣੀ ਦੀ ਭਾਰੀ ਮਾਤਰਾ ਹੁੰਦੀ ਹੈ। ਪਾਣੀ ਦੇ ਸਰੋਤ ਹੋਰ ਵੀ ਹਨ। ਇਨ੍ਹਾਂ ਵਿਚੋਂ ਝੀਲਾਂ, ਤਲਾ, ਟੋਭੇ ਵੀ ਪਾਣੀ ਨਾਲ ਭਰੇ ਲੱਭਦੇ ਹਨ। ਧਰਤੀ ਦੇ ਅੰਦਰ ਵੀ ਪਾਣੀ ਹੈ। ਇਹ ਚਸ਼ਮਿਆਂ ਰਾਹੀਂ ਬਾਹਰ ਆ ਜਾਂਦਾ ਹੈ ਜਾਂ ਇਹ ਖੂਹ ਪੁੱਟਿਆ ਬਾਹਰ ਕੱਢਿਆ ਜਾ ਸਕਦਾ ਹੈ। ਟਿਊਬਵੈਲ ਵੀ ਖੂਹ ਹੀ ਹੁੰਦੇ ਹਨ। ਹੱਥ ਪੰਪ ਵੀ ਧਰਤੀ ਹੇਠਲਾ ਪਾਣੀ ਬਾਹਰ ਲਿਆਉਂਦਾ ਹੈ।

ਇਹ ਪਾਣੀ ਕਿੱਥੋਂ ਆਉਂਦਾ ਹੈ? ਧਰਤੀ ਤੇ ਮੀਂਹ ਪੈਂਦਾ ਹੈ ਤਾਂ ਪਾਣੀ ਰੁੜ੍ਹ ਕੇ ਟੋਭਿਆਂ, ਤਾਲਾਵਾਂ, ਝੀਲਾਂ ਵਿਚ ਜਾ ਪੈਂਦਾ ਹੈ। ਕੁਝ ਹੋਰ ਰੁੜ੍ਹ ਕੇ ਨਦੀਆਂ, ਨਾਲਿਆਂ ਅਤੇ ਦਰਿਆਵਾਂ ਵਿਚ ਜਾ ਪੈਂਦਾ ਹੈ। ਇਹ ਨਦੀਆਂ ਤੇ ਦਰਿਆ ਫਿਰ ਸਮੁੰਦਰ ਵਿਚ ਜਾ ਡਿੱਗਦੇ ਹਨ।

ਹੁਣ ਵੇਖਣਾ ਹੈ ਕਿ ਮੀਂਹ ਦਾ ਪਾਣੀ ਕਿੱਥੋਂ ਆਉਂਦਾ ਹੈ। ਅਸਾਂ ਵੇਖਿਆ ਹੈ ਕਿ ਪਾਣੀ ਅੱਗ ਦੇ ਸੇਕ ਨਾਲ ਭਾਫ਼ ਬਣ ਜਾਂਦਾ ਹੈ। ਇਹ ਭਾਫ਼ ਗੈਸ ਹੋਣ ਕਰ ਕੇ ਹਵਾ ਵਿਚ ਜਾ ਰਲਦੀ ਹੈ। ਸੂਰਜ ਦੀ ਗਰਮੀ ਨਾਲ ਪਾਣੀ ਭਾਫ਼



ਵਿਚ ਬਦਲਦਾ ਰਹਿੰਦਾ ਹੈ। ਸਮੁੰਦਰਾਂ, ਦਰਿਆਵਾਂ, ਨਦੀਆਂ, ਝੀਲਾਂ, ਟੋਭਿਆਂ ਆਦਿ ਤੋਂ ਪਾਣੀ ਸਦਾ ਵਾਸ਼ਪ ਬਣ-ਬਣ ਹਵਾ ਵਿਚ ਰਲਦਾ ਰਹਿੰਦਾ ਹੈ। ਹਵਾ ਦੇ ਵਿਚ ਇਸ ਤਰ੍ਹਾਂ ਵਾਸ਼ਪ ਭਾਰੀ ਮਾਤਰਾ ਵਿਚ ਰਲ ਜਾਂਦੇ ਹਨ। ਜਦ ਇਹ ਵਾਸ਼ਪ ਹਵਾ ਦੇ ਨਾਲ ਵਾਯੂਮੰਡਲ ਦੇ ਉਪਰਲੇ ਭਾਗਾਂ ਵਿਚ ਪਹੁੰਚਦੇ ਹਨ ਤਾਂ ਇਹ ਠੰਡੇ ਹੋ ਜਾਂਦੇ ਹਨ। ਠੰਡੇ ਹੋਣ ਨਾਲ ਵਾਸ਼ਪ ਫਿਰ ਤਰਲ ਰੂਪ ਵਿਚ ਬਦਲ ਜਾਂਦੇ ਹਨ। ਇਹ ਤਰਲ ਪਾਣੀ ਦੀਆਂ ਬੂੰਦਾਂ ਫਿਰ ਮੀਂਹ ਦੇ ਰੂਪ ਵਿਚ ਧਰਤੀ ਤੇ ਵਰ੍ਹਦੀਆਂ ਹਨ। ਇਹ ਪਾਣੀ ਫਿਰ ਰਿੜ੍ਹ ਕੇ ਟੋਭਿਆਂ, ਤਾਲਾਵਾਂ ਅਤੇ ਝੀਲਾਂ ਵਿਚ ਪੈਂਦਾ ਹੈ। ਇਹ ਦਰਿਆ ਸਮੁੰਦਰਾਂ ਵਿਚ ਪੈਂਦੇ ਹਨ। ਮੀਂਹ ਦਾ ਕੁਝ ਪਾਣੀ ਧਰਤੀ ਚੂਸ ਲੈਂਦੀ ਹੈ ਅਥਵਾ ਪਾਣੀ ਰਿਸ-ਰਿਸ ਕੇ ਧਰਤੀ ਦੇ ਅੰਦਰ ਚਲਾ ਜਾਂਦਾ ਹੈ। ਇਸ ਪਾਣੀ ਨੂੰ ਖੂਹਾਂ, ਟਿਊਬਵੈੱਲਾਂ ਅਤੇ ਹੱਥ ਨਲਕਿਆਂ ਅਥਵਾ ਚਸ਼ਮਿਆਂ ਰਾਹੀਂ ਬਾਹਰ ਆਉਣ ਦਾ ਅਵਸਰ ਮਿਲਦਾ ਹੈ। ਇੰਜ ਧਰਤੀ ਦੇ ਸਰੋਤਾਂ ਤੋਂ ਪਾਣੀ ਵਾਸ਼ਪ ਬਣਦਾ ਹੈ ਅਤੇ ਫਿਰ ਵਾਸ਼ਪ ਹੀ ਠੰਡੇ ਹੋ ਕੇ ਮੀਂਹ ਬਣਦੇ ਹਨ। ਇਹ ਪਾਣੀ ਦਾ ਚੱਕਰ ਹੈ, ਜੋ ਸਦਾ ਚੱਲਦਾ ਰਹਿੰਦਾ ਹੈ।

**ਪਾਣੀ ਦੇ ਗੁਣ** - ਅਸਾਂ ਇਹ ਤਾਂ ਵੇਖ ਲਿਆ ਹੈ ਕਿ ਪਾਣੀ ਥਾਂ ਮੱਲਦਾ ਹੈ। ਇਸ ਦਾ ਭਾਰ ਹੈ ਅਤੇ ਇਹ ਤਿੰਨ ਹਾਲਤਾਂ ਵਿਚ ਮਿਲਦਾ ਹੈ। ਇਨ੍ਹਾਂ




ਗੁਣਾਂ ਤੋਂ ਬਿਨਾਂ ਇ ਦੇ ਹੋਰ ਵੀ ਕਈ ਗੁਣ ਹਨ। ਇਸ ਦਾ ਇਕ ਹੋਰ ਗੁਣ ਇਹ ਹੈ ਕਿ ਇਹ ਆਪਣੇ ਵਿਚ ਬਹੁਤੇ ਪਦਾਰਥਾਂ ਨੂੰ ਘੋਲ ਲੈਂਦਾ ਹੈ। ਤੁਸੀਂ ਪਾਣੀ ਵਿਚ ਖੰਡ ਪਾਓ ਤਾਂ ਉਹ ਘੁਲ ਜਾਂਦੀ ਹੈ। ਲੂਣ ਪਾਓ ਤਾਂ ਉਹ ਘੁਲ ਜਾਂਦਾ ਹੈ। ਇਸੇ ਤਰ੍ਹਾਂ ਹੋਰ ਬਹੁਤ ਪਦਾਰਥ ਹਨ ਜੋ ਇਸ ਵਿਚ ਘੁਲ ਜਾਂਦੇ ਹਨ।

ਮੀਂਹ ਦਾ ਪਾਣੀ ਆਪਣੇ ਆਪ ਵਿਚ ਬੜਾ ਸ਼ੁੱਧ ਹੁੰਦਾ ਹੈ। ਪਰ ਜਦ ਉਹ ਹਵਾ ਦੇ ਮੰਡਲ ਵਿਚ ਲੰਘ ਰਿਹਾ ਹੁੰਦਾ ਹੈ ਤਾਂ ਹਵਾ ਵਿਚਲੇ ਮਿੱਟੀ, ਕੋਲੇ ਆਦਿ ਦੇ ਕਣ ਇਸ ਵਿਚ ਘੁਲ ਜਾਂਦੇ ਹਨ। ਕਈ ਗੈਸਾਂ ਵੀ ਇਸ ਵਿਚ ਘੁਲ ਜਾਂਦੀਆਂ ਹਨ। ਜਦ ਇਹ ਧਰਤੀ ਤੇ ਪੈਂਦਾ ਹੈ ਅਤੇ ਰਿੜ੍ਹ ਕੇ ਝੀਲਾਂ, ਦਰਿਆਵਾਂ ਵਿਚ ਪੈਂਦਾ ਹੈ ਤਾਂ ਰਾਹ ਵਿਚੋਂ ਇਸ ਵਿਚ ਕਈ ਪਦਾਰਥ ਰਲ ਜਾਂਦੇ ਹਨ। ਇਸ ਤਰ੍ਹਾਂ ਇਹ ਗੰਦਾ ਹੋ ਜਾਂਦਾ ਹੈ। ਦਰਿਆਵਾਂ, ਝੀਲਾਂ, ਟੋਭਿਆਂ, ਤਾਲਾਵਾਂ ਦਾ ਪਾਣੀ ਅਸ਼ੁੱਧ ਹੁੰਦਾ ਹੈ।

ਪਾਣੀ ਅਸੀਂ ਪੀਂਦੇ ਹਾਂ। ਆਪਣੇ ਭੋਜਨ ਨੂੰ ਤਿਆਰ ਕਰਨ ਵਿਚ ਕਈ ਤਰ੍ਹਾਂ ਵਰਤਦੇ ਹਾਂ। ਪਾਣੀ ਸਰੀਰ ਦਾ ਵੱਡਾ ਭਾਗ ਹੈ। ਇਸ ਲਈ ਸਰੀਰ ਨੂੰ ਠੀਕ ਹਾਲਤ ਵਿਚ ਰੱਖਣ ਲਈ ਅਸੀਂ ਪਾਣੀ ਪੀਂਦੇ ਹਾਂ। ਪਾਣੀ ਤੋਂ ਬਿਨਾਂ ਅਸੀਂ ਬਹੁਤਾ ਚਿਰ ਜੀਊਂਦੇ ਨਹੀਂ ਰਹਿ ਸਕਦੇ। ਇਸ ਲਈ ਪਾਣੀ ਨੂੰ ਸਦਾ ਸ਼ੁੱਧ ਕਰ ਕੇ ਪੀਣਾ ਚਾਹੀਦਾ ਹੈ।


ਪਾਣੀ ਨੂੰ ਸ਼ੁੱਧ ਕਰਨ ਲਈ ਆਓ ਇਕ ਤਜ਼ਰਬਾ ਕਰ ਕੇ ਵੇਖੀਏ। ਇਕ ਤਿਪਾਈ ਲਵੋ ਜਿਸ ਵਿਚ ਤਿੰਨ ਡੱਬੇ ਰੱਖਣ ਲਈ ਥਾਂ ਬਣੀ ਹੋਵੇ। ਤਿੰਨ ਡੱਬਿਆਂ ਦੇ ਥੱਲਿਆ ਵਿਚ ਮੋਰੀ ਰੱਖੋ। ਇਹ ਡੱਬੇ ਚਿੱਤਰ ਵਿਚ ਦੱਸੇ ਢੰਗ ਨਾਲ ਰੱਖੋ। ਚੌਥਾ ਡੱਬਾ ਫ਼ਰਸ਼ ਤੇ ਹੀ ਰੱਖਿਆ ਜਾ ਸਕਦਾ ਹੈ। ਉੱਪਰਲੇ ਡੱਬੇ ਵਿਚ ਗੰਦਾ ਪਾਣੀ ਪਾਓ। ਉਹ ਥੱਲੇ ਦੀ ਮੋਰੀ ਥਾਣੀਂ ਚੋਅ ਕੇ ਅਗਲੇ ਡੱਬੇ ਵਿਚ ਟਪਕੇਗਾ। ਦੂਜੇ ਡੱਬੇ ਵਿਚ ਅੱਧ ਤੱਕ ਕੋਲੇ ਦਾ ਚੂਰਾ ਰੱਖੋ। ਇਥੇ ਪਾਣੀ ਵਿਚ ਤਰਦਾ ਮਾਦਾ ਕੋਲੇ ਦੇ ਚੂਰੇ ਵਿਚ ਅਟਕ ਜਾਏਗਾ। ਇਸ ਡੱਬੇ ਵਿਚੋਂ ਪਾਣੀ ਅਗਲੇ ਡੱਬੇ ਵਿਚ ਟਪਕੇਗਾ। ਇਸ ਦੇ ਅੱਧ ਤੱਕ ਰੇਤ ਤੇ ਮਿੱਟੀ ਰਲਾ ਕੇ ਪਾਉਣੀ ਹੁੰਦੀ ਹੈ। ਰੇਤ ਅਤੇ ਮਿੱਟੀ ਵਿਚ, ਪਾਣੀ ਵਿਚ ਤਰਦੇ ਬਰੀਕ ਤੱਤ ਵੀ ਪੁਣੇ ਜਾਣਗੇ। ਇਸ ਤਰ੍ਹਾਂ ਹੇਠਾਂ ਰੱਖੇ ਡੱਬੇ ਵਿਚ ਸਾਫ਼ ਸੁਥਰਾ ਪਾਣੀ ਇਕੱਠਾ ਹੋ ਜਾਏਗਾ।

ਹੁਣ ਸੋਚੋ, ਜਿਹੜਾ ਮੀਂਹ ਦਾ ਪਾਣੀ ਧਰਤੀ ਵਿਚ ਰਿਸਦਾ ਹੈ, ਉਹ ਵੀ ਤਾਂ ਮਿੱਟੀ ਦੀਆਂ ਕਈ ਤਹਿਆਂ ਵਿਚੋਂ ਲੰਘਦਾ ਹੈ। ਤਹਿਆਂ ਵਿਚ ਲੰਘਦਾ-ਲੰਘਦਾ ਉਹ ਸਾਫ਼ ਤੇ ਪੁਣਿਆ ਜਾਂਦਾ ਹੈ। ਇਸੇ ਲਈ ਖੂਹਾਂ, ਟਿਊਬਵੈਲਾਂ, ਹੱਥ-ਨਲਕਿਆਂ ਅਤੇਚਸ਼ਮਿਆਂ ਦਾ ਪਾਣੀ ਸਾਫ਼ ਸ਼ੁੱਧ ਹੁੰਦਾ ਹੈ।

ਪਾਣੀ ਨੂੰ ਕੀਟਾਣੂਆਂ ਅਤੇ ਰੋਗਾਣੂਆਂ ਤੋਂ ਮੁਕਤ ਕਰਨ ਲਈ ਪਾਣੀ ਨੂੰ ਉਬਾਲਣਾ ਹੀ ਠੀਕ ਹੈ। ਘੁਲੀਆਂ ਹੋਈਆਂ ਚੀਜ਼ਾਂ ਤੋਂ ਮੁਕਤ ਕਰਨ ਲਈ ਪਾਣੀ ਦਾ ਅਰਕ ਕੱਢਣਾ ਠੀਕ ਹੈ।

ਵਗਦੇ ਪਾਣੀ ਵਿਚ ਰੋੜ੍ਹਨ ਦੀ ਸਕਤੀ ਹੁੰਦੀ ਹੈ। ਜਿੰਨਾ ਪਾਣੀ ਤੇਜ਼ ਓਨੀ ਹੀ ਵਧੇਰੇ ਸ਼ਕਤੀ।

ਪਾਣੀ ਦਾ ਰੰਗ ਨਹੀਂ ਹੁੰਦਾ। ਪਰ ਡੂੰਘਾਈ ਵਿਚ ਹਰੀ ਭਾਅ ਮਾਰਦਾ ਹੈ। ਇਸ ਦਾ ਆਪਣਾ ਰੂਪ ਕੋਈ ਨਹੀਂ ਹੁੰਦਾ। ਜਿਸ ਭਾਂਡੇ ਵਿਚ ਪਾਓ, ਉਸ ਦਾ ਰੂਪ ਹੀ ਲੈ ਲੈਂਦਾ ਹੈ।



# ਰਾਕੇਟ ਦੇ ਵਿਕਾਸ ਦੀ ਕਹਾਣੀ

**ਡਾ. ਕਮਲ ਅਰੋੜਾ**

ਇਸ ਵਿਚ ਹੈਰਾਨੀ ਵਾਲੀ ਗੱਲ ਨਹੀਂ ਕਿ ਉਹ ਰਾਕੇਟ ਜਿਹੜੇ ਅੱਜ ਰੂਸੀ ਜਾਂ ਅਮਰੀਕਨ ਪੁਲਾੜ ਯਾਤਰੀਆਂ ਨੂੰ ਪੁਲਾੜ ਵਿਚ ਜਾਂ ਚੰਦ ਤੱਕ ਲਿਜਾ ਰਹੇ ਹਨ, ਉਨ੍ਹਾਂ ਦਾ ਜਨਮ ਸਾਡੇ ਹੀ ਦੇਸ਼ ਭਾਰਤ ਵਿਚ ਹੋਇਆ ਸੀ। ਉਹ ਅਗਨੀਬਾਣ ਜਿਨ੍ਹਾਂ ਦੀ ਚਰਚਾ ਥਾਂ-ਥਾਂ ’ਤੇ ਰਾਮਾਇਣ ਅਤੇ ਮਹਾਂਭਾਰਤ ਵਿਚ ਕੀਤੀ ਗਈ ਹੈ, ਅਸਲ ਵਿਚ ਰਾਕੇਟ ਪ੍ਰਕਿਰਿਆ ਨਾਲ ਚੱਲਣ ਵਾਲੇ ਯੁੱਧ ਦੇ ਅਸਤਰ ਸਨ। ਜਿਹੜੇ ਲੋਕ ਇਨ੍ਹਾਂ ਵਿਚ ਵਿਸ਼ਵਾਸ ਨਹੀਂ ਕਰਦੇ, ਉਨ੍ਹਾਂ ਦਾ ਕਹਿਣਾ ਹੈ ਕਿ ਰਾਕੇਟ ਦਾ ਜਨਮ ਸ਼ੁਰੂ ਵਿਚ ਚੀਨ ਵਿਚ ਹੋਇਆ। ਪਰ ਚੀਨ ਵਿਚ ਰਾਕੇਟ ਦੀ ਵਰਤੋਂ ਦਾ ਪ੍ਰਮਾਣ ਅੱਜ ਤੋਂ ਕੋਈ 700 ਸਾਲ ਪਹਿਲਾਂ ਮਿਲਦਾ ਹੈ ਜਦ ਕਿ ਮਹਾਂਭਾਰਤ ਦਾ ਯੁੱਧ ਕੋਈ 5,000 ਸਾਲ ਪਹਿਲਾਂ ਹੋਇਆ ਸੀ। ਇਹ ਸਿੱਧ ਕਰਦਾ ਹੈ ਕਿ ਰਾਕੇਟ ਦਾ ਜਨਮ ਇਸੇ ਦੇਸ਼ ਵਿਚ ਹੋ ਗਿਆ ਸੀ। ਅਸਲ ਵਿਚ ਰਾਕੇਟ ਭਾਰਤ ਤੋਂ ਚੀਨ ਗਿਆ।

ਪੱਛਮ ਵਿਚ ਅਜਿਹਾ ਮੰਨਿਆ ਜਾਂਦਾ ਹੈ ਕਿ ਬਾਰੂਦ ਦਾ ਆਵਿਸ਼ਕਾਰ ਸਭ ਤੋਂ ਪਹਿਲਾਂ ਚੀਨ ਨੇ ਕੀਤਾ। ਉਨ੍ਹਾਂ ਨੇ ਸ਼ੋਰੇ ਦਾ ਆਵਿਸ਼ਕਾਰ ਕੀਤਾ ਅਤੇ ਉਸ ਨੂੰ ਗੰਧਕ ਅਤੇ ਕੋਇਲੇ ਨਾਲ ਮਿਲਾ ਕੇ ਬਾਰੂਦ ਦਾ ਵਿਸਫੋਟ ਮਿਸ਼ਰਨ ਬਣਾਇਆ। ਇਸ ਮਿਸ਼ਰਨ ਨਾਲ ਤਜ਼ਰਬੇ ਕਰਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਨੂੰ ਤੀਰਾਂ ਦੇ ਛੱਡਣ ਅਤੇ ਉਨ੍ਹਾਂ ਦੀ ਚਾਲ ਵਧਾਉਣ ਲਈ ਵਰਤੋਂ ਕੀਤਾ ਜਾ ਸਕਦਾ ਹੈ ਅਤੇ ਅਸਲ ਵਿਚ ਅਜਿਹਾ ਕੀਤਾ ਵੀ ਗਿਆ, ਇਹ ਤੀਰ ਜਾਂ ਅਗਨੀਬਾਣ ਹੱਥ ਨਾਲ ਸੁੱਟੇ ਜਾਂਦੇ ਸਨ ਜਾਂ ਕਮਾਨ ਨਾਲ ਛੱਡੇ ਜਾਂਦੇ ਸਨ। ਬਾਰੂਦ ਦੇ ਫਟਣ ਤੋਂ ਪੈਦਾ ਹੋਣ ਵਾਲਾ “ਪ੍ਰੋਪਲਸਿਵ ਪ੍ਰਭਾਵ” (Propulsive Effect) ਤੀਰ ਦੀ ਗਤੀ ਦਿੰਦਾ ਹੋਵੇਗਾ ਜਾਂ ਸੰਭਵ ਹੈ ਕਿ ਅਰੰਭਕ ਬਾਣਾਂ ਵਿਚ ਇਸ ਪ੍ਰੋਪਲਸਿਵ ਪ੍ਰਭਾਵ ਦਾ ਘੱਟ ਹੱਥ ਰਿਹਾ ਹੋਵੇ ਅਤੇ ਬਾਰੂਦ ਕੇਵਲ ਇਕ ਵਿਸਫੋਟਕ ਪਦਾਰਥ ਦੇ ਰੂਪ ਵਿਚ ਵਰਤੋਂ ਕੀਤਾ ਗਿਆ ਹੋਵੇ। ਪੁਰਾਣੇ ਚੀਨੀ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਕਾਈ-ਫੰਗ-ਫੂ (Kai-Fung-Fu) ਦੇ ਨਗਰ ਵਿਚ 1232 ਈ. ਵਿਚ ਇਨ੍ਹਾਂ ਦੀ ਵਰਤੋਂ ਮੰਗੋਲਾਂ ਨੂੰ ਭਜਾਉਣ ਵਾਸਤੇ ਕੀਤੀ ਗਈ। ਕੁਝ ਇਤਿਹਾਸਾਂ ਵਿਚ ਪੀਪਿੰਗ ਦੇ ਯੁੱਧ ਦਾ ਵਰਨਣ ਆਉਂਦਾ ਹੈ। ਆਧੁਨਿਕ ਰਾਕੇਟ ਦਾ ਪੂਰਵਜ ਅਸਲ ਵਿਚ ਇਕ ਤਰ੍ਹਾਂ ਦਾ ਆਤਿਸ਼ਬਾਜ਼ੀ ਦੇ ਪ੍ਰਕਾਰ ਦਾ ਅਗਨੀਬਾਣ ਹੀ ਸੀ। ਰਾਕੇਟ ਜਿਸ ਲੈਟਿਨ ਸ਼ਬਦ “ਰਾਕੇਟਾ” (Roccketta) ਤੋਂ ਬਣਿਆ ਹੈ ਜਾਂ ਹੋਰ ਵੀ ਸ਼ਬਦ ਜੋ ਹੋਰ ਭਾਸ਼ਾਵਾਂ ਵਿਚ ਇਹਦੇ ਲਈ ਪ੍ਰਚੱਲਤ ਹਨ, ਉਨ੍ਹਾਂ ਦਾ ਅਰਥ ਆਮ ਤੌਰ ’ਤੇ ਆਤਿਸ਼ਬਾਜ਼ੀ ਹੀ ਹੁੰਦਾ ਹੈ ਕਿ ਰਾਕੇਟ ਇਸ ਦੇਸ਼ ਵਿਚੋਂ ਚੀਨ ਵਿਚ ਜਾਣ ਮਗਰੋਂ ਆਪਣੇ-ਆਪ ਇਥੋਂ ਅਲੋਪ ਹੋ ਗਏ ਅਤੇ ਚੀਨ ਤੋਂ ਕੋਈ 700 ਵਰ੍ਹੇ ਪਹਿਲਾਂ ਫਿਰ ਭਾਰਤ ਵਿਚ ਆ ਗਏ। ਭਾਰਤ ਤੋਂ ਹੋ ਕੇ ਰਾਕੇਟ ਅਰਬ ਅਤੇ ਈਰਾਨ ਅਤੇ ਆਖਿਰ ਯੂਰਪ ਵਿਚ ਯੂਨਾਨ ਵਿਚ ਪੁੱਜਾ। ਚੀਨੀ, ਅਰਬੀ, ਈਰਾਨੀ ਅਤੇ ਯੂਨਾਨੀ ਕਾਫ਼ੀ ਸਮੇਂ ਤੱਕ ਇਨ੍ਹਾਂ ਦੀ ਵਰਤੋਂ ਯੁੱਧਾਂ ਵਿਚ ਅਸਤਰਾਂ ਦੇ ਤੌਰ ’ਤੇ ਜਾ ਪ੍ਰਕਾਸ਼ ਸੰਕੇਤ ਦੇਣ ਵਾਸਤੇ ਕਰਦੇ ਰਹੇ। ਯੂਨਾਨ ਤੋਂ ਰਾਕੇਟ ਬਾਈਜੈਂਟੀਯਮ ਕੰਸਟੈਂਟੀਨੋਪਲ (Byzantium Constantinople) ਪੁੱਜਾ, ਜਿੱਥੋਂ ਬਾਕੀ ਪੱਛਮੀ ਸੰਸਾਰ ਇਸ ਦੇ ਸੰਪਰਕ ਵਿਚ ਆਇਆ। ਕੁਝ ਅਰਬੀ ਉਲੱਥੇ ਇਕ ਅੰਗਰੇਜ਼ ਮੌਂਕ ਰੋਜ਼ਰ-ਬੇਕਨ (Monk Roger-Bacon) 1214-94 ਦੇ ਹੱਥ ਆਏ ਜਿਸ ਨੇ ਉਨ੍ਹਾਂ ਦੇ ਅਧਾਰ ’ਤੇ ਇਕ ਪੁਸਤਕ ਲਿਖੀ। ਉਸ ਨੇ ਇਸ ਖੇਤਰ ਵਿਚ ਕੁਝ ਕਿਰਿਆਤਮਕ ਕੰਮ ਵੀ ਕੀਤਾ। ਉਸ ਦਾ ਸਮਕਾਲੀ ਦੂਸਰਾ ਲੇਖਕ ਅਲਬਰਟਸ ਮੈਗਨਸ਼ (Albertus Magnus) ਸੀ। ਇਨ੍ਹਾਂ ਦੋਵਾਂ ਦੇ ਕੰਮਾਂ ਤੋਂ ਤੱਥ ਲੈ ਕੇ ਮਾਰਕਸ ਗ੍ਰੇਸਸ (Marcus Graecus) ਨੇ ਇਕ ਪੁਸਤਕ ਤਿਆਰੀ ਕੀਤੀ, ਜਿਸ ਦਾ ਲੈਟਿਨ ਅਨੁਵਾਦ ਲਾਈਬਰ ਇਗਨੀਅਮ ਐਡ ਕਾਂਬੁਰੇਡਸ ਹੋਸਟਸ (Liber Ignium ad Comburendum Hostes) ਕਹਾਉਂਦਾ ਹੈ। ਰਾਕੇਟ ਹੁਣ ਇਟਲੀ ਪੁੱਜਾ ਜਿੱਥੇ ਇਸ ਦਾ ਸਭ ਤੋਂ ਪਹਿਲਾਂ ਵਰਨਣ 1281 ਵਿਚ ਫਾਰਲੀ (Forli) ਐਮਿਲਾ (Emila) ਵਿਚ ਆਉਂਦਾ ਹੈ। ਉਥੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਇਸ ਤੋਂ ਮਗਰੋਂ ਇਹ ਲੋਅਰ ਜਰਮਨੀ (Lower Germany), ਫਲੈਂਡਰਜ਼ (Flanders), ਫਰਾਂਸ ਅਤੇ ਇੰਗਲੈਂਡ ਪੁੱਜਾ।

ਯੂਰਪ ਵਿਚ ਤੇਰ੍ਹਵੀਂ ਸਦੀ ਦੇ ਅੱਧ ਵਿਚ ਇਸ ਦੀ ਵਰਤੋਂ ਕਈ ਯੁੱਧਾਂ ਵਿਚ ਕੀਤੀ ਗਈ, ਜਿਨ੍ਹਾਂ ’ਚੋਂ ਸਭ ਤੋਂ ਪਹਿਲਾਂ ਕਾਲੋਨ (Cologne) ਦਾ ਪੁਰਾਣਾ ਨਗਰ ਹੈ, ਜਿੱਥੇ ਇਸ ਦਾ ਪ੍ਰਯੋਗ 1258 ਵਿਚ ਹੋਇਆ। ਇਸ ਦੇ ਮਗਰੋਂ ਰਾਈਨ (Rhine) ’ਤੇ 1324 ਵਿਚ, ਮਟਜ਼ (Metz) ’ਤੇ 1327 ਵਿਚ, ਇੰਗਲੈਂਡ ਦੇ ਸਕਾਟਸ਼ ਯੁੱਧਾਂ ਵਿਚ ਅਤੇ 1379 ਵਿਚ ਚੀਓਜ਼ੀ (Chiozzi) ਦੇ ਦੀਪ ’ਤੇ ਰਾਕੇਟ ਦੀ ਵਰਤੋਂ ਹੋਈ। ਚੌਧਵੀਂ ਸਦੀ ਦੇ ਇਨ੍ਹਾਂ ਵੀਨਸ਼ੀਅਨ ਜੈਨੋਵੀਜ਼ (Venetian-Cenovese) ਯੁੱਧਾਂ ਵਿਚ ਇਕ ਕਿਲ੍ਹਾ ਤਦ ਤੱਕ ਸੁਰੱਖਿਅਤ ਰਿਹਾ ਜਦ ਤੱਕ ਕਿ ਇਕ ਰਾਕੇਟ ਨੇ ਉਸ ਨੂੰ ਅੱਗ ਨਾ ਲਾ ਦਿੱਤੀ। ਪੰਦਰਵੀਂ ਸਦੀ ਦੇ ਅੱਧ ਤੱਕ ਰਾਕੇਟ ਯੁੱਧ ਦਾ ਪੂਰਨ ਸ਼ਸਤਰ ਬਣ ਗਿਆ ਅਤੇ ਉਸ ਸਮੇਂ ਦੇ ਪਰੰਪਰਾਗਤ ਸ਼ਸਤਰਾਂ ਜਿਵੇਂ ਭਾਲੇ, ਨੇਜੇ, ਤੀਰਕਮਾਨਾਂ ਆਦਿ ਦੇ ਨਾਲ-ਨਾਲ ਵਰਤੋਂ ਹੋਣ ਲੱਗਾ। ਪਰੰਤੂ ਪੰਦਰਵੀਂ ਸਦੀ ਦੇ ਬਾਅਦ ਤਿੰਨ ਸੌ ਵਰ੍ਹੇ ਵਾਸਤੇ ਇਸ ਦਾ ਲੋਪ ਹੋ ਗਿਆ, ਕਿਉਂਕਿ ਹੁਣ ਬੰਦੂਕ ਦਾ ਆਵਿਸ਼ਕਾਰ ਹੋ ਚੁੱਕਿਆ ਸੀ ਉਸ ਦਾ ਵਿਹਾਰ ਆਤਿਸ਼ਬਾਜ਼ੀ ਦੇ ਰੂਪ ਵਿਚ ਹੀ ਰਹਿ ਗਿਆ ਉਸ ਵੱਲ

ਉਸ ਸਮੇਂ ਬਹੁਤ ਘੱਟ ਧਿਆਨ ਦਿੱਤਾ ਗਿਆ। ਕਿਸ ਤਰ੍ਹਾਂ ਰਾਕੇਟ ਫਿਰ ਯੁੱਧ ਵਿਚ ਆਇਆ, ਇਸ ਦੀ ਇਕ ਰੋਚਕ ਕਹਾਣੀ ਹੈ। ਜਿਸ ਤਰ੍ਹਾਂ ਰਾਕੇਟ ਦੇ ਜਨਮ ਦਾ ਸਿਹਰਾ ਭਾਰਤ ਨੂੰ ਮਿਲਦਾ ਹੈ, ਉਸੇ ਤਰ੍ਹਾਂ ਉਹਦੇ ਮੁੜ ਜਨਮ ਦਾ ਵੀ।

ਮੈਸੂਰ ਰਿਆਸਤ ਦਾ ਪ੍ਰਸਿੱਧ ਸੁਲਤਾਨ ਹੈਦਰ ਅਲੀ ਭਾਰਤ ਵਿਚ ਅਠਾਰ੍ਹਵੀਂ ਸਦੀ ਵਿਚ ਅੰਗਰੇਜ਼ਾਂ ਦਾ ਸਭ ਤੋਂ ਭਿਅੰਕਰ ਸ਼ਤਰੂ ਹੋਇਆ ਹੈ। 1767-69 ਅਤੇ 1780-84 ਵਿਚ ਉਸ ਨੇ ਅੰਗਰੇਜ਼ਾਂ ਵਿਰੁੱਧ ਦੋ ਯੁੱਧ ਲੜੇ ਜਿਹੜੇ ਮੈਸੂਰ ਦੇ ਪਹਿਲੇ ਅਤੇ ਦੂਜੇ ਯੁੱਧ ਦੇ ਨਾਂ ਨਾਲ ਪ੍ਰਸਿੱਧ ਹਨ। ਮੈਸੂਰ ਦੇ ਦੂਜੇ ਯੁੱਧ ਵਿਚ ਉਸ ਨੇ ਕਰਨਲ ਬੇਲੀ ਅਤੇ ਮੇਜਰ ਮੁਨਰੋ (Col. Balie and Maj. Munro) ਨੂੰ ਬੁਰੀ ਤਰ੍ਹਾਂ ਹਰਾਇਆ ਸੀ। ਇਸੇ ਯੁੱਧ ਵਿਚ ਉਸ ਨੇ 1780 ਵਿਚ ਗੰਟੂਰ (Guntoor) ਦੀ ਥਾਂ ’ਤੇ ਰਾਕੇਟਾਂ ਦੀ ਵਰਤੋਂ ਕੀਤੀ। 1782 ਵਿਚ ਹੈਦਰ ਅਲੀ ਦੀ ਮੌਤ ਹੋ ਗਈ ਅਤੇ ਉਹਦਾ ਕੰਮ ਉਸ ਦੇ ਪੁੱਤਰ ਟੀਪੂ ਸੁਲਤਾਨ ਨੇ ਸੰਭਾਲਿਆ, ਜਿਸ ਨੇ ਅੰਗਰੇਜ਼ਾਂ ਵਿਰੁੱਧ 1790-92 ਵਿਚ ਤੀਜਾ ਅਤੇ 1799 ਵਿਚ ਮੈਸੂਰ ਦਾ ਚੌਥਾ ਯੁੱਧ ਲੜਿਆ। ਉਨ੍ਹਾਂ ਦੋਵਾਂ ਯੁੱਧਾਂ ਵਿਚ ਟੀਪੂ ਸੁਲਤਾਨ ਨੇ ਕਈ ਥਾਵਾਂ ’ਤੇ ਰਾਕਟਾਂ ਨਾਲ ਮੁਕਾਬਲਾ ਕੀਤਾ। 1792 ਵਿਚ ਉਨ੍ਹਾਂ ਦੀ ਵਰਤੋਂ ਸ੍ਰੀ ਰੰਗਾਪਟਮ ਦੇ ਨੇੜੇ ਅਰੀਕੇਰਾ (Arikera) ਵਿਚ ਕੀਤੀ ਗਈ। ਟੀਪੂ ਦੀ ਸੈਨਾ ਵਿਚ ਕਈ ਅਜਿਹੀਆਂ ਟੁਕੜੀਆਂ ਸਨ ਜਿਹੜੀਆਂ ਯੁੱਧਾਂ ਵਿਚ ਰਾਕੇਟਾਂ ਦੀ ਵਰਤੋਂ ਕਰਦੀਆਂ ਸਨ ਅਤੇ ਇਨ੍ਹਾਂ ਵਿਚ ਹਜ਼ਾਰਾਂ ਸੈਨਿਕ ਸਨ। 1799 ਵਿਚ ਉਹਦੀ ਮੱਲਾਵਲੀ (Mallavali) ਦੇ ਥਾਂ ’ਤੇ ਹਾਰ ਹੋਈ ਅਤੇ ਉਹ ਆਖ਼ਰ ਸ੍ਰੀ ਰੰਗਾਪਟਮ ਵਿਚ ਲੜਦਾ ਹੋਇਆ ਮਾਰਿਆ ਗਿਆ।

ਬਰਤਾਨਵੀ ਸੈਨਾ ਨੂੰ ਇਨ੍ਹਾਂ ਰਾਕੇਟਾਂ ਨਾਲ ਕਾਫੀ ਹਾਨੀ ਉਠਾਉਣੀ ਪਈ। ਇਨ੍ਹਾਂ ਰਾਕੇਟਾਂ ਨੇ ਸੈਨਾ ਦੇ ਇਕ ਆਰਟਲਰੀ ਮਾਹਰ ਕਰਨਲ ਵਿਲੀਅਮ ਕੌਨਗ੍ਰੀਵ (Col. William Congreve) ਦਾ ਧਿਆਨ ਖਿੱਚਿਆ ਅਤੇ 1804 ਦੇ ਲਗਪਗ ਉਸਨੇ ਇਨ੍ਹਾਂ ’ਤੇ ਤਜ਼ਰਬੇ ਕਰਨੇ ਅਰੰਭ ਕਰ ਦਿੱਤੇ। 1805 ਤੱਕ ਉਸ ਨੇ ਇਕ ਮੀਲ ਤੋਂ ਵੀ ਜ਼ਿਆਦਾ ਮਾਰ ਕਰਨ ਵਾਲੇ ਰਾਕੇਟ ਤਿਆਰ ਕਰ ਲਏ। ਇਹ ਰਾਕੇਟ ਟੀਪੂ ਦੇ ਰਾਕੇਟਾਂ ਨਾਲੋਂ ਜ਼ਿਆਦਾ ਸਹੀ ਅਤੇ ਲੰਮੀ ਮਾਰ ਕਰਨ ਵਾਲੇ ਸਨ। ਟੀਪੂ ਦੇ ਰਾਕੇਟ 12 ਪੌਂਡ ਤੱਕ ਭਾਰੇ ਹੁੰਦੇ ਸਨ ਅਤੇ ਉਨ੍ਹਾਂ ਦਾ ਵਿਆਸ 2 ਇੰਚ ਅਤੇ ਲੰਬਾਈ 8 ਫੁੱਟ ਹੁੰਦੀ ਸੀ। ਬਾਂਸ ਦੀ ਇਕ 10 ਫੁੱਟ ਲੰਮੀ ਸਟਿਕ ਵੀ ਲੱਗੀ ਹੁੰਦੀ ਸੀ। ਮਗਰੋਂ ਜਿਹੜੇ ਸੁਧਰੇ ਹੋਏ ਰੂਪ ਕਾਨਗ੍ਰੀਵ ਰਾਕੇਟ ਦੇ ਪ੍ਰਚੱਲਤ ਹੋਏ, ਉਹ 3 ਪੌਂਡ, 6 ਪੌਂਡ ਜਾਂ 12 ਪੌਂਡ ਭਾਰੇ ਹੁੰਦੇ ਸਨ। ਉਨ੍ਹਾਂ ਦਾ ਢੱਕਣ ਵੀ ਲੋਹੇ ਦਾ ਹੁੰਦਾ ਸੀ। ਰਾਕੇਟ ਦੇ ਹੇਠਲੇ ਭਾਗ ਵਿਚ ਪੰਜ ਛੇਕ ਹੁੰਦੇ ਸਨ। ਕੇਂਦਰ ਵਿਚ ਇਕ ਸੋਟੀ ਲੱਗੀ ਹੁੰਦੀ ਸੀ। ਉਨ੍ਹਾਂ ਰਾਕੇਟਾਂ ਨੂੰ ਟਿਊਬਾਂ ਨਾਲ ਛੱਡਿਆ ਜਾਂਦਾ ਸੀ।

ਉਧਰ 1804 ਵਿਚ ਨੈਪੋਲੀਅਨ ਗੱਦੀ ’ਤੇ ਬੈਠਾ ਅਤੇ ਉਸ ਦੇ ਸਿੰਘਾਸਨ ’ਤੇ ਬਹਿੰਦਿਆਂ ਹੀ ਯੁੱਧਾਂ ਦਾ ਸਿਲਸਿਲਾ ਆਰੰਭ ਹੋ ਗਿਆ। ਹਾਲਾਤ ਨੂੰ ਵੇਖਦੇ ਹੋਇਆਂ ਇੰਗਲੈਂਡ ਨੇ ਆਪਣੀ ਸ਼ਕਤੀ ਵਧਾਉਣ ਵੱਲ ਧਿਆਨ ਦਿੱਤਾ। ਕਾਨਗਰੀਵ ਦੇ ਰਾਕੇਟਾਂ ਨੂੰ ਪੂਰੀ ਤਰ੍ਹਾਂ ਵਿਕਸਿਤ ਕੀਤਾ ਗਿਆ ਅਤੇ ਪਹਿਲੀ ਵਾਰ ਉਨ੍ਹਾਂ ਨੂੰ 1806 ਵਿਚ ਬੈਲੋਨ (Boulogne) ਦੇ ਯੁੱਧ ਵਿਚ ਇਸਤੇਮਾਲ ਕੀਤਾ ਗਿਆ। ਇਨ੍ਹਾਂ ਰਾਕੇਟਾਂ ਦੀਆਂ ਤਿੱਖੀਆਂ ਨੋਕਾਂ ਹੁੰਦੀਆਂ ਸਨ ਜਿਹੜੀਆਂ ਉਸ ਸਮੇਂ ਦੇ ਲੱਕੜੀ ਦੇ ਜਲ ਪੋਤਾਂ ਵਿਚ ਧਸ ਜਾਂਦੀਆਂ ਸਨ। ਰਾਕੇਟ ਵਿਚ ਭਰਿਆ ਗਿਆ ਵਿਸਫੋਟਕ ਪਦਾਰਥ ਨਿਕਲ ਕੇ ਆਪਣੇ ਨਿਸ਼ਾਨੇ ’ਤੇ ਅੱਗ ਲਾ ਦਿੰਦਾ ਸੀ। 1807 ਵਿਚ ਕੋਈ 25000 ਰਾਕੇਟ ਕੋਪਨਹੈਗਨ (Copenhagen) ਵਿਰੁੱਧ ਵਰਤੋਂ ਕੀਤੇ ਗਏ ਅਤੇ ਇਸ ਵਰ੍ਹੇ ਵਾਲਸ਼ੈਰਨ (Walcherin) ਦੇ ਯੁੱਧ ਵਿਚ ਵੀ ਵਰਤੋਂ ਕੀਤੇ ਗਏ। 1812 ਈ. ਵਿਚ ਅੰਗਰੇਜ਼ ਸੈਨਾ ਦਾ ਇਕ ਵਿਸ਼ੇਸ਼ ਬਰੀਗੇਡ ਸਥਾਪਤ ਕੀਤਾ ਗਿਆ। ਇਸ ਵਰ੍ਹੇ ਯੂਨਾਈਟਡ ਸਟੇਟਸ ਆਫ਼ ਅਮਰੀਕਾ (United States of America) ਨੇ ਗਰੇਟ ਬ੍ਰਿਟੇਨ ਵਿਰੁੱਧ ਯੁੱਧ ਦੀ ਘੋਸ਼ਣਾ ਕਰ ਦਿੱਤੀ। 1812 ਤੋਂ 1814 ਤੱਕ ਇਨ੍ਹਾਂ ਯੁੱਧਾਂ ਵਿਚ ਕਾਫ਼ੀ ਮਾਤਰਾ ਵਿਚ ਰਾਕੇਟਾਂ ਦੀ ਵਰਤੋਂ ਕੀਤੀ ਗਈ। 1813 ਵਿਚ ਇਨ੍ਹਾਂ ਨੂੰ ਲੀਪਜ਼ਿਗ (Leipzeg) ਦੇ ਯੁੱਧ ਵਿਚ ਪ੍ਰਯੋਗ ਕੀਤਾ ਗਿਆ ਅਤੇ ਨੈਪੋਲੀਅਨ ਨੂੰ ਹਾਰ ਹੋਈ। 24 ਅਗਸਤ, 1814 ਨੂੰ ਬਲੈਡੰਜ਼ਬਰਗ (Bladensburg) ਅਤੇ 1815 ਵਿਚ ਵਾਟਰਲੂ (Waterloo) ਦੀ ਥਾਂ ’ਤੇ ਇਨ੍ਹਾਂ ਦੀ ਵਰਤੋਂ ਕੀਤੀ ਗਈ ਅਤੇ ਇਨ੍ਹਾਂ ਦੇ ਨਾਲ ਹੀ ਨੈਪੋਲੀਅਨ ਦੀ ਸ਼ਕਤੀ ਦਾ ਅੰਤ ਹੋ ਗਿਆ। ਕਾਨਗਰੀਵ ਰਾਕੇਟਾਂ ਵਿਚ ਅੱਗੇ ਸੁਧਾਰ ਕਰਕੇ ਵਿਲੀਅਮ ਹੇਲ (William Hale) ਨੇ ਹੇਲ ਰਾਕੇਟ ਬਣਾਏ ਜਿਨ੍ਹਾਂ ਵਿਚ ਕੋਈ ਸਟਿਕ ਨਹੀਂ ਸੀ ਲੱਗੀ ਹੋਈ। ਇਕ ਖ਼ਾਸ ਤਰੀਕੇ ਨਾਲ ਇਨ੍ਹਾਂ ਨੂੰ ਸਥਿਰ ਕੀਤਾ ਜਾਂਦਾ ਸੀ। ਇਹ ਰਾਕੇਟ 9 ਜਾਂ 24 ਪੌਂਡ ਭਾਰੇ ਹੁੰਦੇ ਸਨ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੱਕ ਰਾਕੇਟਾਂ ਦੀ ਵਰਤੋਂ ਘੱਟਦੀ ਚਲੀ ਗਈ ਅਤੇ ਅੰਤ ਵਿਚ ਆਮ ਤੌਰ ’ਤੇ ਸਾਰੀਆਂ ਵੱਡੀਆਂ ਯੂਰਪੀਨ ਸ਼ਕਤੀਆਂ ਨੇ ਇਨ੍ਹਾਂ ਦੀ ਵਰਤੋਂ ਬੰਦ ਕਰ ਦਿੱਤੀ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# ਚੰਗੀ ਸਿਹਤ ਸਫ਼ਲਤਾ ਦੀ ਕੁੰਜੀ



ਪਿਆਰੇ ਬੱਚਿਓ ਸਾਡਾ ਜੀਵਨ ਪ੍ਰਮਾਤਮਾ ਦੀ ਅਨਮੋਲ ਦੇਣ ਹੈ। ਇਸ ਜੀਵਨ ਨੂੰ ਇਸ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਣ ਲਈ ਸਾਡਾ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਕਹਿੰਦੇ ਹਨ ਕਿਸੇ ਮਕਾਨ ਦੀ ਨਿਉਂ ਜੇਕਰ ਮਜ਼ਬੂਤ ਹੈ ਤਾਂ ਉਸ ਉਪਰ ਜਿਸ ਤਰ੍ਹਾਂ ਦੀ ਮਰਜ਼ੀ ਉਸਾਰੀ ਕਰ ਲਓ। ਮੇਰਾ ਕਹਿਣ ਤੋਂ ਭਾਵ ਜੇਕਰ ਤੁਸੀਂ ਬਚਪਨ ਤੋਂ ਹੀ ਆਪਣੇ ਸਰੀਰ ਦਾ ਧਿਆਨ ਰੱਖੋਗੇ ਤਾਂ ਅੱਗੇ ਵਾਲੀ ਜ਼ਿੰਦਗੀ ਵਿਚ ਤੁਹਾਡਾ ਸਰੀਰ ਤੁਹਾਨੂੰ ਹਰ ਇਮਤਿਹਾਨ ਵਿਚੋਂ ਪਾਸ ਕਰਵਾਏਗਾ।

ਅੱਜ ਦੇ ਇਸ ਮੁਕਾਬਲੇ ਦੇ ਯੁੱਗ ਵਿਚ ਆਪਣੀ ਮੰਜ਼ਿਲ ਨੂੰ ਪਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ ਬੜੇ ਮੁਸ਼ਕਿਲ ਹਾਲਾਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜੇਕਰ ਆਪਣੀ ਸਿਹਤ ਤੰਦਰੁਸਤ ਨਹੀਂ ਤਾਂ ਆਪਾਂ ਮੰਜ਼ਲਾਂ ਪਾਉਣਾ ਤਾਂ ਦੂਰ ਦੀ ਗੱਲ ਇਸ ਮੁਕਾਬਲੇ ਦੀ ਰੇਸ ਵਿਚੋਂ ਹੀ ਬਾਹਰ ਹੋ ਜਾਵਾਂਗੇ। ਇਸ ਸਰੀਰ ਨੂੰ ਚੰਗੀਆਂ ਖੁਰਾਕਾਂ ਅਤੇ ਕਸਰਤਾਂ ਨਾਲ ਤੰਦਰੁਸਤ ਰੱਖਿਆ ਜਾ ਸਕਦਾ ਹੈ। ਆਪਣੇ ਸਰੀਰ ਦੇ ਕਿਸੇ ਅੰਗ ਵਿਚ ਨੁਕਸ ਪੈਣਾ ਮਤਲਬ ਆਪਣੀ ਮੰਜ਼ਿਲ ਤੋਂ ਦੂਰ ਹੋਣਾ ਹੈ। ਸਰੀਰ ਦੇ ਕਿਸੇ ਵੀ ਅੰਗ ਨਾਲ ਲਾਪ੍ਰਵਾਹੀ ਨਾ ਵਰਤੋ। ਜਿਵੇਂ ਪੜ੍ਹਦੇ ਸਮੇਂ ਕਿਤਾਬ ਦੀ ਅੱਖਾਂ ਤੋਂ ਠੀਕ ਢੰਗ ਦੀ ਦੂਰੀ ਬਣਾਈ ਰੱਖੋ ਕਦੇ ਵੀ ਲੇਟ ਕੇ ਨਾ ਪੜ੍ਹੋ। ਪੜ੍ਹਦੇ ਸਮੇਂ ਬੋਰਡ ਤੋਂ ਅੱਖਰ ਨਜ਼ਰ ਨਹੀਂ ਆਉਂਦੇ ਜਾਂ ਧੁੰਦਲ ਨਜ਼ਰਾਂ ਆਉਂਦਾ ਹੈ ਤਾਂ ਤੁਰੰਤ ਆਪਣੇ ਮਾਤਾ ਪਿਤਾ ਨੂੰ ਦੱਸੋ। "ਅੱਖਾਂ ਗਈਆਂ ਜਹਾਨ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੋਈ ਚੀਜ਼ ਖਾਣ ਤੋਂ ਬਾਅਦ ਤੁਰੰਤ ਕੁਰਲੀ ਕਰੋ। ਸਵੇਰੇ-ਸ਼ਾਮ ਦੰਦਾਂ ਨੂੰ ਬੁਰਸ਼ ਨਾਲ ਸਾਫ਼ ਕਰੋ ਚਿੱਟੇ ਦੰਦ ਜਿੱਥੇ ਸੁੰਦਰਤਾ ਦੀ ਨਿਸ਼ਾਨੀ ਹਨ ਉਥੇ ਸਾਰੀ ਉਮਰ ਮਜੇਦਾਰ ਭੋਜਨ ਦੇ ਸਵਾਦ ਲੈਣ ਲਈ ਵੀ ਬਹੁਤ ਜ਼ਰੂਰੀ ਹਨ। "ਦੰਦ ਗਏ ਤਾਂ ਸਵਾਦ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੰਨਾਂ ਵਿਚ ਕਦੇ ਵੀ ਡੱਕਾ ਜਾਂ ਕੋਈ ਤਿੱਖੀ ਚੀਜ਼ ਨਾ ਮਾਰੋ ਕੰਨ ਵਿਚ ਖੁਜਲੀ ਹੁੰਦੀ ਹੈ ਤਾਂ ਮਾਤਾ ਪਿਤਾ ਨੂੰ ਦੱਸ ਕੇ ਡਾਕਟਰ ਅੰਕਲ ਦੀ ਸਲਾਹ ਲਓ। "ਕੰਨ ਗਏ ਤਾਂ ਰਾਗ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"।

ਸਾਰੀਆਂ ਗੱਲਾਂ ਤੋਂ ਜ਼ਰੂਰੀ ਗੱਲ ਕਦੇ ਵੀ ਬਜ਼ਾਰ ਦੀਆਂ ਤਲੀਆਂ ਚੀਜ਼ਾਂ ਖਾਣ ਦੀ ਜਿੱਦ ਨਾ ਕਰੋ। ਇਹਨਾਂ ਦਾ ਆਪਣੇ ਸਰੀਰ ਉਪਰ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸੋ ਬੱਚਿਓ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਪਰ ਬਹੁਤ ਲਾਹੇਵੰਦ ਗੱਲਾਂ ਦਾ ਧਿਆਨ ਰੱਖ ਕੇ ਸਰੀਰ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ।

**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਸੀਨੀਅਰ ਮੀਤ ਪ੍ਰਧਾਨ
98144-74535



# ਕਾਵਿ-ਕਿਆਰੀ

## ਸਾਹਿਤ/ਹਰਬਖ਼ਸ਼ ਸਿੰਘ ਟਾਹਲੀ



ਇਤਿਹਾਸ ਅਤੇ ਸਾਹਿਤ, ਜੀਵਨ-ਛੱਲ ਦੇ ਦੋ ਵੱਖਰੇ ਨਿਖਾਰ
ਇਤਿਹਾਸ ਜ਼ਿੰਦਗੀ ਦੀ ਕਹਾਣੀ ਲਿਖਦਾ ਹੈ।
ਸਾਹਿਤ ਜ਼ਿੰਦਗੀ ਦੇ ਉਦੇਸ਼ ਅੰਕਿਤ ਕਰਦਾ ਹੈ।
ਇਤਿਹਾਸ ਜ਼ਿੰਦਗੀ ਦੇ ਕੱਦ ਜਿੱਡਾ ਲੰਬਾ ਹੈ
ਸਾਹਿਤ ਭਾਵਨਾਵਾਂ ਦੀਆਂ ਛੱਲਾਂ ਦਾ ਪ੍ਰਗਟਾਅ ਹੈ।
ਇਤਿਹਾਸ ਗੁਜ਼ਰ ਗਏ ਦੀ ਅੱਖਰ-ਮਾਲਾ ਹੈ
ਸਾਹਿਤ ਵਰਤਮਾਨ ਵਿਚ ਖੁਸ਼ਬੋ ਖਿਲੇਰਦਾ ਹੈ।
ਕਿਸੇ ਇਤਿਹਾਸ ਵਿਚ ਸਾਹਿਤ ਵੀ ਹੋਵੇ-ਜ਼ਰੂਰੀ ਨਹੀਂ।
ਵੱਡੇ-ਵੱਡੇ ਇਤਿਹਾਸ, ਸਾਹਿਤ ਤੋਂ ਸੱਖਣੇ ਹਨ।
ਇਨ੍ਹਾਂ ਚੰਗੇਜ਼ਾਂ, ਹਿਟਲਰਾਂ ਅਤੇ ਗਜ਼ਨਵੀਆਂ ਦੇ ਇਤਿਹਾਸ
ਖਾਲੀ ਹਨ, ਜੀਵਨ ਦੇ ਭਾਵ ਭਿੰਨੇ ਸਾਹਿਤ ਤੋਂ।
ਇਤਿਹਾਸ ਘਟਨਾਵਾਂ ਦੀ ਕਲਮ ਦੀ ਪ੍ਰੇਰਨਾ ਹੈ
ਸਾਹਿਤ ਸੱਚ ਦੀਆਂ ਧਾਰਾਵਾਂ ਦਾ ਅਨੂਠਾ ਸੰਗਮ ਹੈ।
ਇਤਿਹਾਸ ਗੁਰੂ ਨਾਨਕ ਦੇਵ ਜੀ ਉੱਤੇ ਸੱਪ ਦੀ ਛਾਂ ਕਰਦਾ ਹੈ
ਪਰ ਸਭੈ ਸਾਂਝੀਵਾਲ ਸਦਾਇਨਿ ਕੋਇ ਨਾ ਦਿਸੈ ਬਾਹਰਾ ਜੀਓ
ਗੁਰੂ ਨਾਨਕ ਦੇਵ ਜੀ ਦਾ ਫਰਮਾਇਆ ਹੋਇਆ ਸਾਹਿਤ ਹੈ।
ਇਤਿਹਾਸ ਪ੍ਰੇਰਨਾ ਦੇ ਸਕਦਾ ਹੈ ਮੰਜ਼ਿਲ ਉੱਤੇ ਚੜ੍ਹਨ ਲਈ
ਪਰ ਸਾਹਿਤ ਦੀ ਰੌਸ਼ਨੀ ਬਿਨਾਂ ਮੰਜ਼ਿਲ ਉੱਤੇ ਅੱਪੜਨਾ ਮੁਸ਼ਕਿਲ ਹੈ।

* * * * *

## ਬਾਬਾ ਫਰੀਦ ਜੀ ਦੀ ਬਾਣੀ

ਵੇਖ ਫਰੀਦਾ ਮਿੱਟੀ ਖੁੱਲੀ, (ਕਬਰ)
ਮਿੱਟੀ ਉੱਤੇ ਮਿੱਟੀ ਡੁਲੀ, (ਲਾਸ਼)
ਮਿੱਟੀ ਹੱਸੇ, ਮਿਟੀ ਰੋਵੇ, (ਇਨਸਾਨ)
ਅੰਤ ਮਿੱਟੀ ਦਾ ਮਿੱਟੀ ਹੋਵੇ, (ਜਿਸਮ)
ਨਾ ਕਰ ਬੰਦਿਆ ਮੇਰੀ ਮੇਰੀ, (ਪੈਸਾ)
ਨਾ ਉਹ ਤੇਰੀ ਨਾਂ ਉਹ ਮੇਰੀ, (ਖਾਲੀ ਜਾਨਾ)
ਚਾਰ ਦਿਨਾਂ ਦਾ ਮੇਲਾ ਦੁਨਿਆ, (ਉਮਰ)
ਫਿਰ ਮਿੱਟੀ ਦੀ ਬਨ ਗਈ ਢੇਰੀ, (ਮੌਤ)
ਨਾ ਕਰ ਇਥੇ ਹੇਰਾ ਫੇਰੀ, (ਪੈਸੇ ਕਾਰਨ ਝੂਠ-ਧੋਖੇ)
ਮਿੱਟੀ ਨਾਲ ਨਾ ਧੋਖਾ ਕਰ ਤੂੰ, (ਲੋਕਾਂ ਨਾਲ ਫਰੇਬ)
ਤੂੰ ਵੀ ਮਿੱਟੀ ਮੈਂ ਵੀ ਮਿੱਟੀ, (ਇਨਸਾਸ)
ਜਾਤ ਪਾਤ ਦੀ ਗੱਲ ਨਾ ਕਰ ਤੂੰ,
ਜਾਤ ਵੀ ਮਿੱਟੀ ਪਾਤ ਵੀ ਮਿੱਟੀ (ਪਾਖੰਡ)
ਜਾਤ ਸਿਰਫ਼ ਖੁਦਾ ਦੀ ਉੱਚੀ,
ਬਾਕੀ ਸਬ ਕੁਛ ਮਿੱਟੀ ਮਿੱਟੀ,

**ਇੰਜ. ਹਰਦਿਆਲ ਸਿੰਘ ਘੋਤੜਾ, ਵਿੱਤ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30ਏ, ਚੰਡੀਗੜ੍ਹ।**

## ਸ਼ਬਦਾਂ ਦੇ ਸੰਜੋਗ

* ਕਿਸੇ ਦੀ ਵਡਿਆਈ ਕਰਨਾ ਤੇ ਕਿਸੇ ਨੂੰ ਪਸੰਦ ਕਰਨਾ ਇਕੋ ਜਿਹੇ ਲੱਗਦੇ ਹਨ ਪਰ ਪਸੰਦ ਕਰਨਾ ਅੰਤਰੀਵ ਭਾਵਨਾ ਹੈ ਜਦੋਂ ਕਿ ਵਡਿਆਈ ਝੂਠੀ ਵੀ ਹੋ ਸਕਦੀ ਹੈ।
* ਜਵਾਨੀ ਵਿਚ ਇਸ਼ਕ ਮਜਾਜ਼ੀ ਦਾ ਰੰਗ ਹਰ ਕੋਈ ਮਾਣਦਾ ਹੈ ਪਰ ਇਸ਼ਕ ਹਕੀਕੀ ਤੱਕ ਪਹੁੰਚ ਬਣਾਉਣੀ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਹੁੰਦੀ।
* ਜੇ ਸਾਗਰ ਨਾ ਹੋਵੇ ਤਾਂ ਨਦੀ ਦਾ ਅਹੰਕਾਰ ਨਹੀਂ ਟੁੱਟਦਾ।
* ਨੂੰਹ ਦਾ ਸਤਿਕਾਰ ਹੁੰਦਾ ਹੈ ਪਿਆਰ ਨਹੀਂ। ਧੀ ਨਾਲ ਪਿਆਰ ਹੁੰਦਾ ਸਤਿਕਾਰ ਨਹੀਂ ਪਰ ਸੁਚੱਜੀ ਨੂੰਹ ਸੱਸ-ਸਹੁਰੇ ਦਾ ਪਿਆਰ ਜਿੱਤ ਸਕਦੀ ਹੈ।
* ਸਾਡੀਆਂ ਪਥਰੀਲੀਆਂ ਅੱਖਾਂ ਪੱਥਰ ਵਿਚਲੀ ਆਤਮਾ ਨੂੰ ਨਹੀਂ ਦੇਖ ਸਕਦੀਆਂ ਪਰ ਪੱਥਰ ਵਿਚ ਆਤਮਾ ਹੋਣ ਦੇ ਪੱਕੇ ਸੰਕੇਤ ਹਨ ਕਿਉਂਕਿ ਇਹ ਸਾਰਾ ਜਗਤ ਕਿਸੇ ਚੇਤੰਨ ਪ੍ਰਮਾਤਮਾ ਦਾ ਬਣਾਇਆ ਹੈ।
* ਅਸੀਂ ਮਰਨ ਤੋਂ ਬਾਅਦ ਮਿਲਣ ਵਾਲੇ ਨਰਕਾਂ ਦੇ ਵੇਰਵੇ ਲਿਖ ਲਏ ਹਨ ਪਰ ਧਰਤੀ ਦੀ ਹਿੱਕ ਉੱਤੇ ਵਸਦੇ ਨਰਕਾਂ ਵੱਲ ਧਿਆਨ ਨਹੀਂ ਕੀਤਾ।
* ਪੈਸੇ ਵਾਲੇ ਲੋਕ ਜਦੋਂ ਆਪਸ ਵਿਚ ਬੈਠਦੇ ਹਨ ਤਾਂ ਉਹ ਗਰੀਬ ਨੂੰ ਬਾਹਰ ਪਹਿਰੇ 'ਤੇ ਬੈਠਾ ਦਿੰਦੇ ਹਨ।
* ਅਸੀਂ ਗਰੀਬ ਨੂੰ ਝਿੜਕ ਕੇ ਰੱਬਦਾ ਅਪਮਾਨ ਕਰਦੇ ਹਾਂ।
* ਪਰਿਵਾਰ ਨਾਲ ਜੁੜੇ ਰਹੋ ਤਾਂ ਜ਼ਿੰਦਗੀ ਨਾਲ ਜੁੜੇ ਰਹਿੰਦੇ ਹੋ ਪਰਿਵਾਰ ਨੂੰ ਛੱਡ ਦੇਵੋ ਤਾਂ ਜ਼ਿੰਦਗੀ ਤੁਹਾਨੂੰ ਛੱਡ ਦੇਵੇਗੀ।
* ਸਿਆਸਤਦਾਨ ਵੱਡੀ ਖੇਡ ਖੇਡਦੇ ਹਨ ਅਤੇ ਲੋਕਾਂ ਦਾ ਧਿਆਨ ਆਪਣੇ ਵੱਲੋਂ ਹਟਾਉਣ ਲਈ ਉਨ੍ਹਾਂ ਨੂੰ ਛੋਟੀਆਂ ਖੇਡਾਂ ਵੱਲ ਲਾ ਦਿੰਦੇ ਹਨ।

# ਬਾਬਾ ਮੱਖਣ ਸ਼ਾਹ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 01-07-2019 ਤੋਂ 16-07-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ–11, ਸੰਗਮ ਇਨਕਲੇਵ, ਸੈਕਟਰ–48ਏ, ਚੰਡੀਗੜ੍ਹ। | 3600/– | ਆਈ–418 | 02–07–2019 |
| 2. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ–795, ਫੇਸ–3ਬੀ1, ਮੋਹਾਲੀ। | 3600/– | ਆਈ–419 | 05–07–2019 |
| 3. | ਸ. ਜਗਮੋਹਨ ਸਿੰਘ<br>ਮਕਾਨ ਨੰ–390, ਸੈਕਟਰ–16, ਪੰਚਕੂਲਾ। | 1000/– | ਆਈ–420 | 05–07–2019 |
| 4. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ–30–ਏ, ਚੰਡੀਗੜ੍ਹ।<br>ਮਕਾਨ ਨੰ–1838, ਸੈਕਟਰ–7, ਮੋਹਾਲੀ।<br>(ਭਵਨ ਵਿਖੇ ਸੋਲਰ ਪਲਾਂਟ ਲਗਵਾਉਣ ਲਈ ਦਾਨ ਦਿੱਤੇ।) | 1000/– | ਆਈ–421 | 06–07–2019 |
| 5. | ਸ. ਰਾਜਪਾਲ ਸਿੰਘ ਸਜਲਾਣਾ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ।<br>ਮਕਾਨ ਨੰ–43, ਮਨੀ ਮਾਜਰਾ।<br>(ਭਵਨ ਵਿਖੇ ਸੋਲਰ ਪਲਾਂਟ ਲਗਵਾਉਣ ਲਈ ਦਾਨ ਦਿੱਤੇ।) | 36,000/– | ਆਈ–422 | 06–07–2019 |
| 6. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ 30–ਏ, ਚੰਡੀਗੜ੍ਹ। | 190/– | ਆਈ–423 | 07–08–2019 |
| 7. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ–62, ਸੈਕਟਰ–71, ਮੋਹਾਲੀ। | 500/– | ਆਈ–424 | 14–07–2019 |
| 8. | ਸ. ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ–42, ਸੈਕਟਰ–16, ਚੰਡੀਗੜ੍ਹ। | 500/– | ਆਈ–425 | 14–07–2019 |
| 9. | ਮੇਜਰ ਤਰਲੋਕ ਸਿੰਘ<br>ਮਕਾਨ ਨੰ–62, ਸੈਕਟਰ–71, ਮੋਹਾਲੀ। | 500/– | ਆਈ–426 | 14–07–2019 |
| 10. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕੰਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ 30–ਏ, ਚੰਡੀਗੜ੍ਹ। | 500/– | ਆਈ–427 | 16–07–2019 |

11. ਪੰਡਿਤ ਰਾਮ ਕੁਮਾਰ ਠੇਕੇਦਾਰ 500/- ਆਈ-428 16-07-2019
ਕੰਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ ਨੇ ਆਪਣੇ ਪਿਤਾ ਸਵਰਗਵਾਸੀ ਸ਼੍ਰੀ ਤਰਲੋਚਨ ਦਾਸ ਅਤੇ ਮਾਤਾ ਰਾਮ ਪਿਆਰੀ ਦੀ ਯਾਦ ਵਿਚ ਭਵਨ ਨੂੰ ਦਾਨ ਦਿੱਤੇ।

12. ਸਰਦਾਰਨੀ ਹਰਪ੍ਰੀਤ ਕੌਰ ਪੇਲੀਆ 1100/- ਆਈ-429 16-07-2019
ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ।

13. ਸ਼੍ਰੀਮਤੀ ਸ਼ੁਸ਼ਮਾ ਸ਼ਰਮਾ (ਉੱਘੀ ਸਮਾਜ ਸੇਵਿਕਾ) 100/- ਆਈ-430 16-07-2019
ਮਕਾਨ ਨੰ-105, ਫੇਸ-3-ਬੀ1, ਮੋਹਾਲੀ।

14. ਸ. ਅਮਰਜੀਤ ਸਿੰਘ 201/- ਆਈ-431 16-07-2019
ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ
ਸੈਕਟਰ-30-ਏ, ਚੰਡੀਗੜ੍ਹ।ਐਚ.ਐਮ.-102, ਫੇਸ-3ਬੀ-1, ਮੋਹਾਲੀ।

15. ਸ. ਨਿਰਮਲ ਸਿੰਘ ਮੈਂਟੇਨੈਂਸ ਸਕੱਤਰ 200/- ਆਈ-432 16-07-2019
ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।ਮਕਾਨ ਨੰ-2354, ਫੇਸ-10, ਮੋਹਾਲੀ।

16. ਸ. ਜਗਜੀਤ ਸਿੰਘ ਮੁਲਤਾਨੀ 200/- ਆਈ-433 16-07-2019
ਅੰਬਾਲਾ, ਹਰਿਆਣਾ।

17. ਸ. ਅਮਰਜੀਤ ਸਿੰਘ 100/- ਆਈ-434 16-07-2019
ਮਕਾਨ ਨੰ-416, ਸੈਕਟਰ-45-ਏ, ਚੰਡੀਗੜ੍ਹ।

18. ਸ. ਗੁਰਪ੍ਰੀਤ ਸਿੰਘ ਯੂ.ਐਸ.ਏ., ਹਰਪ੍ਰੀਤ ਕੌਰ 400/- ਆਈ-435 16-07-2019

19. ਸ. ਬਲਵਿੰਦਰ ਸਿੰਘ ਮੁਲਤਾਨੀ 500/- ਆਈ-436 16-07-2019
ਅੰਬਾਲਾ, ਹਰਿਆਣਾ।

20. ਲੈਕ. ਸ. ਗੁਲਸ਼ਨ ਕੁਮਾਰ ਸਿੰਘ 200/- ਆਈ-437 16-07-2019
ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।
ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ।

21. ਸ. ਪ੍ਰਤਾਪ ਸਿੰਘ 100/- ਆਈ-438 16-07-2019
ਮਕਾਨ ਨੰ-5701, ਸੈਕਟਰ-38 ਵੈਸਟ, ਚੰਡੀਗੜ੍ਹ।

22. ਸ. ਗੁਰਬਚਨ ਸਿੰਘ 100/- ਆਈ-439 16-07-2019
ਮਕਾਨ ਨੰ-2808/2, ਸੈਕਟਰ-47-ਸੀ, ਚੰਡੀਗੜ੍ਹ।

23. ਸ. ਜਗੀਰ ਸਿੰਘ ਲਾਲੀਆ 500/- ਆਈ-440 16-07-2019
ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।
ਮਕਾਨ ਨੰ-1838, ਸੈਕਟਰ-7, ਮੋਹਾਲੀ।


24. ਸ. ਚਰਨਜੀਤ ਸਿੰਘ ਲੁਬਾਣਾ 200/- ਆਈ-441 16-07-2019
ਮਕਾਨ ਨੰ- ਐਚ.ਐਲ-600, ਫੇਸ-9, ਮੋਹਾਲੀ।
ਪ੍ਰਧਾਨ ਯੁਨਾਈਟਿਡ ਵੈਲਫੇਅਰ ਐਸੋਸੀਏਸ਼ਨ, ਸੈਕਟਰ-63, ਫੇਸ-9, ਮੋਹਾਲੀ।

| | | | | |
|---|---|---|---|---|
| 25. | ਸ. ਪ੍ਰੀਤਮ ਸਿੰਘ ਭੋਪਾਲ<br>ਡੀ.ਪੀ.ਆਈ. (ਰਿਟਾ.) ਚੰਡੀਗੜ੍ਹ। | 100/- | ਆਈ-442 | 16-07-2019 |
| 26. | ਸ. ਹਰਭਜਨ ਸਿੰਘ ਡੀ.ਆਈ.ਜੀ (ਰਿਟਾ.)<br>-204, ਫੈਲਕੋਨ ਵਿਊ, ਏਅਰਪੋਰਟ ਰੋਡ, ਸੈਕਟਰ-66-ਏ, ਚੰਡੀਗੜ੍ਹ। | 500/- | ਆਈ-443 | 16-07-2019 |
| 27. | ਸਵਰਗਵਾਸੀ ਕਾਕਾ ਨਿਤਿਨ<br>ਦੀ ਯਾਦ ਵਿਚ ਉਹਨਾਂ ਦੀ ਮਾਤਾ ਜੀ ਵੱਲੋਂ ਭਵਨ ਨੂੰ ਸ਼ਰਧਾ ਸਹਿਤ ਦਾਨ ਦਿੱਤੇ। | 200/- | ਆਈ-444 | 16-07-2019 |
| 28. | ਸ. ਰਾਜਪਾਲ ਸਿੰਘ ਸਜਲਾਣਾ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ।<br>ਮਕਾਨ ਨੰ-43, ਮਨੀ ਮਾਜਰਾ। | 500/- | ਆਈ-445 | 16-07-2019 |
| 29. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ-795, ਫੇਸ-3ਬੀ1, ਮੋਹਾਲੀ। | 500/- | ਆਈ-446 | 16-07-2019 |
| 30. | ਸ. ਜਗਦੇਵ ਸਿੰਘ ਅਤੇ ਚਰਨਜੀਤ ਕੌਰ<br>ਯੂ.ਐਸ.ਏ. ਨੇ ਸ. ਹਰਬੰਸ ਸਿੰਘ ਜੀ ਐਸ.ਈ. (ਰਿਟਾ.)<br>ਮਕਾਨ ਨੰ-2060, ਫੇਸ-10, ਮੋਹਾਲੀ ਰਾਹੀਂ ਭਵਨ ਨੂੰ ਦਾਨ ਦਿੱਤੇ। | 5000/- | ਆਈ-447 | 16-07-2019 |
| 31. | ਸ. ਜਸਵੰਤ ਸਿੰਘ | 100/- | ਆਈ-448 | 16-07-2019 |
| 32. | ਸ. ਸੁਰਿੰਦਰ ਸਿੰਘ<br>ਚੰਡੀਗੜ੍ਹ। | 200/- | ਆਈ-449 | 16-07-2019 |
| 33. | ਸ. ਸੁਰਜੀਤ ਸਿੰਘ<br>ਮਕਾਨ ਨੰ-2870, ਸੈਕਟਰ-47, ਚੰਡੀਗੜ੍ਹ। | 100/- | ਆਈ-450 | 16-07-2019 |
| 34. | ਸ. ਹਰੀ ਸਿੰਘ<br>ਮੋਹਾਲੀ। | 200/- | ਆਈ-451 | 16-07-2019 |
| 35. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | 500/- | ਆਈ-452 | 16-07-2019 |
| 36. | ਸ. ਰਵਿੰਦਰ ਸਿੰਘ ਥਾਪਰ<br>ਮਕਾਨ ਨੰ-10, ਸੈਕਟਰ-48-ਏ, ਚੰਡੀਗੜ੍ਹ। | 251/- | ਆਈ-453 | 16-07-2019 |
| 37. | ਗੁਪਤ ਦਾਨ | 100/- | ਆਈ-454 | 16-07-2019 |
| 38. | ਸ਼੍ਰੀ ਰੋਹੀ ਰਾਮ | 100/- | ਆਈ-455 | 16-07-2019 |
| 39. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-456 | 16-07-2019 |
| 40. | ਸ. ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | 500/- | ਆਈ-457 | 16-07-2019 |

41. ਕੈਪਟਨ ਜਸਬੀਰ ਸਿੰਘ 500/- ਆਈ-458 16-07-2019
ਮਕਾਨ ਨੰ-ਈ-1302, ਫੈਲਕੋਨ ਵਿਉ, ਸੈਕਟਰ-66-ਏ, ਮੋਹਾਲੀ।

42. ਸੂਬੇ. ਮੇਜਰ ਜਸਪਾਲ ਸਿੰਘ, 100/- ਆਈ-459 16-07-2019
ਮਕਾਨ ਨੰ-18, ਏ.ਕੇ.ਐਸ ਕਲੋਨੀ, ਜ਼ੀਰਕਪੁਰ, ਮੋਹਾਲੀ।

# ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮਾਤਾ ਗੁਰਬਚਨ ਕੌਰ ਸੁਪਤਨੀ ਸਵਰਗੀ ਸ. ਰਾਮ ਸਿੰਘ ਪਿੰਡ ਭਦਾਸ, ਤਹਿ. ਭੁਲੱਥ, ਜ਼ਿਲ੍ਹਾ ਕਪੂਰਥਲਾ ਜੋ ਕਿ ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਛੱਡ ਕੇ ਸਵਰਗਪੁਰੀ ਵਿਚ ਜਾ ਬਿਰਾਜੇ ਹਨ। ਆਪ ਜੀ ਬਹੁਤ ਹੀ ਮਿੱਠ ਬੋਲੜੇ ਸੁਭਾਅ ਦੇ ਸਨ। ਇਲਾਕੇ ਵਿਚ ਆਪ ਜੀ ਲੋਕ ਭਲਾਈ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਮਾਤਾ ਜੀ ਦੇ ਜਾਣ 'ਤੇ ਜਿੰਨਾ ਦੁੱਖ ਪਰਿਵਾਰਕ ਮੈਂਬਰਾਂ ਨੂੰ ਹੋਇਆ ਹੈ ਉਨ੍ਹਾਂ ਹੀ ਇਲਾਕੇ ਦੇ ਲੋਕਾਂ ਨੂੰ ਹੀ ਹੋਇਆ ਹੈ। ਆਪ ਜੀ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਅਖੰਡਪਾਠ ਸਾਹਿਬ 30 ਜੂਨ ਨੂੰ ਆਰੰਭ ਕਰਵਾਏ ਸੀ ਜਿਸ ਦੇ ਨਿਰਵਿਘਨ ਸਹਿਤ ਭੋਗ 2 ਜੁਲਾਈ ਨੂੰ ਆਪ ਜੀ ਦੇ ਗ੍ਰਹਿ 40 ਈਸ਼ਰਪੁਰੀ, ਕੈਂਟ ਰੋਡ, ਜਲੰਧਰ ਵਿਖੇ ਪਾਏ ਗਏ। ਉਪਰੰਤ ਗੁਰੂ ਘਰ ਫੇਜ਼-2 ਵਿਖੇ 12 ਵਜੇ ਤੋਂ 1.30 ਵਜੇ ਤੱਕ ਕੀਰਤਨ ਅਤੇ ਕਥਾ ਵਿਚਾਰ ਉਪਰੰਤ ਆਤਮਾ ਦੀ ਸ਼ਾਂਤੀ ਲਈ ਸੰਗਤੀ ਰੂਪ ਵਿਚ ਅਰਦਾਸ ਹੋਈ ਅਤੇ ਬਾਅਦ ਵਿਚ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ਆਪ ਜੀ ਆਪਣੇ ਪਿਛੇ ਦੋ ਪੁੱਤਰ ਅਤੇ ਚਾਰ ਧੀਆਂ ਛੱਡ ਗਏ ਹਨ। ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਰਿਵਾਰ ਮੈਂਬਰਾਂ ਤੋਂ ਇਲਾਵਾ ਰਿਸ਼ਤੇਦਾਰ ਅਤੇ ਸਾਕ-ਸੰਬੰਧੀਆਂ ਤੋਂ ਇਲਾਵਾ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਪਹੁੰਚੇ ਹੋਏ ਸਨ। ਅਦਾਰਾ ਲੁਬਾਣਾ ਸੇਵਕ ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ ਕਿ ਮਾਤਾ ਜੀ ਨੂੰ ਆਪਣੇ ਚਰਨਾਂ ਵਿਚ ਸਥਾਨ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**ਪਰਮਿੰਦਰਜੀਤ ਸਿੰਘ**
**ਸੰਪਾਦਕ**

# LET US KNOW

ਸੰਪਾਦਕ (99153-57524)

**FAMOUS TOURIST SPOTS OF INDIA**

| Site | Location | Founder |
|---|---|---|
| Aram Bagn | Agra (Uttar Pradesh) | Babur |
| Anand Bhawan | Allahabad (Uttar Pradesh) | Moti Lal Nehru |
| Adhal Din Ka Johpda | Ajmer (Rajasthan) | Qutub-ud-din Aibak |
| Ajanta Caves | Aurangabad | Gupta Rulera |
| Akbar's Tomb | Sikandera (Uttar Pradesh) | Jahangir |
| Bibi Ka Maqbara | Aurangabad (Maharashtra) | Aurangzeb |
| Bharatpur Fort | Bharatpur (Rajasthan) | Raja Surajmal Singh |
| Bundl Fort | Bundl (Rajasthan) | Qutub-ud-din Aibak |
| Bada Imembada | Lucknow (Uttar Pradesh) | Nawab Asaf-ud-daulah |
| Belur Math | Kolkata | Swami Vivekanand |
| Botanical Garden | Shibpur (West Bengal) | - |
| Chhatra Mahal | Bundi Fort | Rani Chhatrasai |
| Chenna Keshab Temple | Belur (Karnataka) | Vishnu Vardhan |
| Char Temple | Konark (Odisha) | Narasing Dev I |
| Chasma-Shahi | Jammu and Kashmir | All Mardan Khan |
| Charar-e-Sarif | Srinagar (Kashmir) | Jainul Abedin |
| Choota Imambada | Lucknow (Uttar Pradesh) | Mohammad Ali Shah |
| Cochin Fort | Kerala | Portuguese |
| Dewan-e-khas | Agra Fort (Uttar Pradesh) | Shah Jahan |
| Eilwara Jain Temple | Mount Abu (Rajasthan) | Vastu Pal Tejpal |
| Deeg Palace | Deeg (Rajasthan) | Raja Badan Singh |
| Dhar Fort | Dhar (Madhya Pradesh) | Mohammad BinTughlaq |
| Etamad-ud-daulah's Tomb | Agra (Uttar Pradesh) | Noor Jahan |
| Ellora Caves | Aurangabad | Rashtrakuta Dynasty |
| Elephanta Caves | Mumbai | Rashtrakutas |
| Fatehpur Sikri | Agra (Uttar Pradesh) | Akbar |
| Firoz Shah Kotla | Delhi | Firoz Shah Tughlaq |
| Fort William | Kolkata | Lord Cilve |
| Fateh Sagar | Udaipur (Rajasthan) | Maharana Fateh Singh |
| Gateway of India | Mumbai | British Government |
| Goiconda Fort | Hyderabad (Andhra Pradesh) | Qutubshahi Dynasty |
| Gol Ghar | Patna (Bihar) | British Government |
| Humayun's Tomb | Delhi | Hameeda Bano Beghum |
| Hauz Khas | Delhi | Aia-ud-din Khilji |
| Hajratbal Masjid | Srinagar (Kashmir) | - |
| Harmandir Sahib | Patna (Bihar) | Maharaja Ranjit Singh |
| Junagarh | Bikaner (Rajasthan) | Raja Jai Singh |
| Jama Masjid | Delhi | Shah Jahan |


| | | |
|---|---|---|
| Jantar-Mantar | Delhi and Jaipur | Sawal Jai Singh |
| Jodhpur Fort | Jodhpur (Rajasthan) | Rao Jodha Ji |
| Jaku Temple | Kolkata | Rani Ras Moni |
| Jagannath Temple | Puri (Odisha) | Chola Gang Dev |
| Jama Masjid | Agra (Uttar Pradesh) | Shah Jahan |
| Khas Mahal | Agra (Uttar Pradesh) | Shah Jahan |
| Kankaria Lake | Ahmedabad | Sultan Qutub-ud-din |
| Khirki Masjid | Delhi | Ghiyas-ud-din Tughlaq |
| Kandaria Mahadev | Khajuraho (Madhya Pradesh) | Chandela Kings |
| Kanheri Caves | Mumbai | Buddhists |
| Laxman Temple | Chhatarpur (Madhya Pradesh) | Chandela Rulers |
| Laxmi Narayan Temple | Delhi | Birla Family |
| Laxman Jhula | Rishikesh (Uttarakhand) | - |
| Moti Masjid | Agra Fort (Uttar Pradesh) | Shah Jahan |
| Moti Jasjid | Delhi Fort | Aurangzeb |
| Mrignayani Palace | Gwalior (Madhya Pradesh) | Raja Man Singh Tomar |
| Madan palace | Jabalpur (Madhya Pradesh) | Raja Madan Shah |
| Nahargarh Fort | Jaipur (Rajasthan) | Raja Jai Singh |
| Nishaat Bagh | Jammu and Kashmir | Asaf Ali |
| Nakhuda Masjid | Kolkata | - |
| Old Fort (Purana Quila) | Delhi | Sher Shah Suri |
| President House | Delhi | British Government |
| Pichhola Lake | Udaipur (Rajasthan) | - |
| Pathar Ki Masjid (Naev Masheed) | Patna (Bihar) | Parvez Shah |
| Padari Ki Haveli | Patna (Bihar) | Father Capuchin |
| Patthar Ki Masjid | Jammu and Kashmir | Noor Jahan |
| Prince of Wales Museum | Mumbai | George V |
| Rani Ki Badi | Bundi (Rajasthan) | Rani Nathvati |
| Red Fort | Delhi | Shah Jahan |
| Sheesh Mahal | Agra (Uttar Pradesh) | Shah Jahan |
| Safdarjung Ka Mawbara | Delhi | Shajid-ud-daulah |
| Sabarmati Ashram | Ahmedabad | Mahatma Gandhi |
| St. Geogre Fort | Chennai (Tamil Nadu) | East India Company Vimal Shah |
| Shalimar Bagh (Garden) | Srinagar (Kashmir) | Jahangir |
| Sunset Point | Mount Abu (Rajasthan) | - |
| Sher Shani Masjid | Patna (Bihar) | Parvez Shah |
| Sher Shah's Tomb | Sasaram (Bihar) | Islam Shah Suri, Son of Sher Shah |
| Taj Mahal | Agra (Uttar Pradesh) | Shah Jahan |
| Tughalakabad | Delhi | Ghiyas-ud-din Tughlaq |
| Umaid Palace | Jodhpur (Rajasthan) | Maharaj Ummed Singh |
| Vijay Stambh | Chittorgarh (Rajasthan) | Rana Kumbha |
| Victoric Memorial | Kolkata | - |
| Vishnupad Temple | Gaya (Bihar) | Rani Ahiya Bai |

# Chandrayaan - 2

ਇੰਜੀਨੀਅਰ
ਪਰਮਿੰਦਰਜੀਤ ਸਿੰਘ
ਸੰਪਾਦਕ
99153-57524





Chandrayaan-2 Launch was initially scheduled for 15 July at 02:51 IST Local time. However, the launch was aborted 56 minutes and 24 seconds before launch due to a technical problem and rescheduled to 22 july 2019. Unconfirmed reports later cited leak in the 'nipple joint' of a helium gas bottle as the cause behind abort. Then it was launched on board the GSLV MR. III M1 Launch Vehicle on 22 july 2019 at 14:43 hours with better-then-expected apogee as a result of the cryogenic upper stage being burned to deppetion, which later



eliminated. It was launched from Satish Dhawan space centre second launch pad.

Further major activities include, remaining earth bound maneuvers, Trans Lunar insertion, Lunar bound maneuvers, Vikram Separation and Vikram touch down. The space craft is scheduled for Lunar orbit insertion by 20th August 2019. Likewise different-different schedules are planned for different-different operations, as the optimized mission plan up to Trans Lunar injection scheduled on





24th july between 14:00 - 15:30 and same way on 26th, 29th July, 02nd Aug. and 06Aug. Next the Trans Lunar insertion schedule is planned on 06th Aug. 2019. It may be noted that the orbit achieved after every maneuver and the orbit planned for the next maneuver depends on the system performance during each maneuver.

Space craft is manufactured by Indian Space Research Organisation (ISRO) its Launch mars combined (wet): 3850 kg, combined (dry): 1308 kg, Pay load orbiter (wet): 2379 kg, orbiter (dry): 682 kg, Vikram Lander (dry): 626 kg and Praggan rover : 27 kgm.

The lander and the rover will land on the near side of the moon in the South Polar region. The wheeled Pragyan rover will move on the lunar surface and will perform on-site chemical analysis for a period of 14 days (one lunar day). It can relay data to earth through the chandeayaan-2 orbit and lander, which were launched together on the same rocket. The orbit will perform its mission for one year in a circularized Lunar Polar orbit.

The Primary objectives of Chandrayaan-2 are to demonstrate the ability to soft-land on the lunar surface and operate a robotic rover on the surface. Scientific goals include studies of lunar topography, mineralogy, elemented abundance, the lunar **exosphere**, and signatures of **hydroxyl** and **water ice**. The orbiter will map the lunar surface and help to prepare 3D maps of it. The onboard **radar** will also map the surface while studying the **water ice** in the south polar region and thickness of the lunar regolith on the surface. The most instrumental scientists and engineers who were key to the development of Chandrayaan-2 project are Muthaya Vanitha - Project Director, Ritu Karidhal - Mission Director and Chandrakanta Kumar Deputy Project Director.

The moon bears substantial natural resources which could be exploited in the future. The use of resources on the moon may provide a means of reducing the cost and risk of exploration of the moon and beyond.

# ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030

ਫੋਨ ਨੰ.-0172-2657340, **E-mail : lobanafoundation@gmail.com**

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



# MATRIMONIAL



Suitable match for Manglik Sharma girl born on May 7, 1990, Height – 5’4”, Gotar :-Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali.

Contact after matching kundali. Mob No.-99885-88123

* * * * *

Suitable qualified match for Lubana Sikh Turbaned boy, Height 6ft., Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad. Contact 9872157495, 6284767292

* * * * *

Suitable match for Lubana Sikh Turband boy Feb 1989 born height 5'9” B Tech CSE, Project Manager with Apple at California USA drawing USD one lac per annum. Belongs to well educated family.

Contact No 8146549765, 9417122809.

* * * * *

Suitable match for a Widow Lobana girl height-5'6”, D.o.b-11-08-1986, Education +2(Arts),ITI (Fashion Designing), residence of Mohali, Father-Ram Niranjan, Mother-Kanta Rani. Contact no-97800-93687, 98785-05838 .

* * * * *

Suitable match for qualified lobana Sikh girl Dob-1989, Height-5'4”, Qualification- Bachelor of Commerce, MBA Banking and Finance, Working in ICICI Bank Chandigarh as Assistant Manager.

Cont no-97801-25139, 89683-63897.

* * * * *

Slim Beautiful minimum height-5'4", professionally qualified match required for Handsome, clean shaven, Sikh Lubana boy, DOB-27/07/1989, Height-5'8", B.Tech, ECE from GNDU, Working in Switzerland as Project Manager (Software Engineer) in MNC. Having Rural and Urban property. Well settled family in Mohali. Father retired as Air Force Officer, Mother MA, B.Ed, Daughter is Gazetted Officer in Punjab Government and married to an Army Officer (Lt. Colonel).

Cont no-98764-34476

* * * * *

Suitable match for beautiful girl Height-5'4", DOB-1992, Qualification-B.Tech, Residence-Mohali

Cont-98765-79614

* * * * *

Suitable match for Lobana girl from lobana community Prabhdeep Kaur Multani, Height - 5'3", DOB - 25th Sept 1994, Complexion fair, Edu: B-Tech ECE, MBA in Marketing & E-Commerce, Job: Teacher in convent school, Father: Captain in Mechant Navy, Mother: Graduate, house wife,Elder Sister: M-Tech (Canada PR), & Younger Brother Student (Canada), Elder sister married (Canada PR). Looking for suitable match from Canada.

Contact number- 81948-91234, 94637-69788

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ



ਸ. ਹਰਵਿੰਦਰ ਸਿੰਘ ਨੂੰ ਆਈ.ਏ.ਐਸ. ਬਣਨ ਤੇ ਸਨਮਾਨਤ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ
ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਅਤੇ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ



Finance Committee Meeting on 27-07-2019

Regd No. 32212/78 Postal No.-- G/CHD/0111/2018-2020



# WORKING COMMITTEE MEETING ON 13-07-2019




ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ ਵਿਖੇ ਹਰ ਮਹੀਨੇ ਦੀ ਤਰ੍ਹਾਂ ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਸਮਾਗਮ ਵਿਚ ਭਾਗ ਲੈਂਦਿਆਂ ਹੋਇਆਂ ਦੀਆਂ ਕੁਝ ਝਲਕੀਆਂ